ਤ੍ਰੈ ਮਾਸਿਕ ਪੁਸਤਕ ਲੜੀ

# ਰੂਹ ਪੰਜਾਬੀ

ਅੰਕ : 13
ਜੁਲਾਈ-ਸਤੰਬਰ 2016

**ਸਰਪ੍ਰਸਤ :**
ਡਾ. ਕਰਮਜੀਤ ਸਿੰਘ ਨਡਾਲਾ
ਪ੍ਰੀਤਮ ਸਿੰਘ ਨੌਰੰਗਪੁਰ

**ਮੁੱਖ ਸੰਪਾਦਕ :**
ਡਾ. ਜਸਵੰਤ ਬੇਗੋਵਾਲ

**ਆਨਰੇਰੀ ਸੰਪਾਦਕ :**
ਸਤਵਿੰਦਰ ਬੇਗੋਵਾਲੀਆ
98154-65620

**ਪ੍ਰਬੰਧਕੀ ਬੋਰਡ :**

ਸਰੂਪ ਸਿੰਘ ਖਾਸਰੀਆ
ਜਸਵੰਤ ਸਿੰਘ ਫਰਾਂਸ
ਰਮੇਸ਼ ਚੰਦਰ ਗਾਂਧੀ
ਗੁਰਸੇਵਕ ਸਿੰਘ
ਕਸ਼ਮੀਰ ਸਿੰਘ ਮੁਲਤਾਨੀ

**ਸਲਾਹਕਾਰ ਬੋਰਡ**

ਸੁਖਚੈਨ ਸਿੰਘ ਮੁਰੱਬੀਆ
ਜਗਜੀਤ ਸਿੰਘ ਖਾਸਰੀਆ
ਬਲਬੀਰ ਸਿੰਘ ਤਲਵੰਡੀ
ਅਮਰੀਕ ਸਿੰਘ ਰਾਵਾਂ
ਸਰਬਜੀਤ ਸਿੰਘ ਪੱਪਲ

**ਕੋਆਰਡੀਨੇਟਰ**

ਦਲਜੀਤ ਸਿੰਘ ਰਤਨ
ਬਬਲਾ ਬੇਗੋਵਾਲ
ਬਲਵਿੰਦਰ ਪੰਨੂੰ

## ਇਸ ਅੰਕ ਦੇ ਲੇਖਕ

**ਸੰਪਾਦਕੀ**
ਸਤਵਿੰਦਰ ਬੇਗੋਵਾਲੀਆ

**ਲਘੂ ਨਾਟਕ**
(ਲੂਈਸ ਪਾਸਚਰ)–ਸਤਵਿੰਦਰ ਬੇਗੋਵਾਲੀਆ

**ਕਹਾਣੀ/ ਮਿੰਨੀ ਕਹਾਣੀ**
ਕਰਮਵੀਰ ਸਿੰਘ ਸੂਰੀ, ਡਾ. ਕਰਮਜੀਤ ਸਿੰਘ ਨਡਾਲਾ
ਚੰਨੀ ਚਹਿਲ, ਰਵਿੰਦਰ ਕੌਸ਼ਲ,
ਰਣਜੀਤ ਆਜ਼ਾਦ ਕਾਂਝਲਾ, ਸੁਖਚੈਨ ਸਿੰਘ ਤੇਲੋਵਾਲ

**ਨਿਬੰਧ**
ਹਮਦਰਦਵੀਰ ਨੌਸ਼ਹਿਰਵੀ, ਰਾਜਦੇਵ ਕੌਰ ਸਿੱਧੂ

**ਗਜ਼ਲਾਂ, ਕਵਿਤਾਂਵਾਂ ਅਤੇ ਗੀਤ**
ਸੁਲੱਖਣ ਸਰਹੱਦੀ, ਪ੍ਰੋ. ਕੁਲਵੰਤ ਸਿੰਘ ਔਜਲਾ,
ਡਾ. ਸੁਖਮਿੰਦਰ ਸੇਖੋਂ, ਪ੍ਰੋ. ਜਸਵੰਤ ਸਿੰਘ ਕੈਲਵੀ,
ਪ੍ਰਤਾਪ 'ਪਾਰਸ' ਗੁਰਦਾਸਪੁਰ, ਮਹਿੰਦਰ ਮਾਨ ਰੱਕੜ
ਢਾਹਾਂ, ਕੁਲਦੀਪ ਕੌਰ ਚੱਠਾ, ਜਗਜੀਤ ਸਿੰਘ ਗੁਰਮ,
ਪੋਰਿੰਦਰ ਕੁਮਾਰ, ਕੇਵਲ ਮਾਣਕਪੁਰੀ,
ਅਜੀਤ ਸਿੰਘ ਰਾਹੀ, ਹਰਜਸ ਦਿਲਬਰ,
ਪੋਰਿੰਦਰ ਸਿੰਗਲਾ, ਬਚਨ ਸਿੰਘ ਗੁਰਮ,
ਬਬਲਾ ਬੇਗੋਵਾਲ

**ਸਮੀਖਿਆ**
ਡਾ. ਜਗੀਰ ਸਿੰਘ ਨੂਰ, ਸਤਵਿੰਦਰ ਬੇਗੋਵਾਲੀਆ,
ਡਾ. ਪਲਵਿੰਦਰ ਕੌਰ

ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ
* ਸਤਵਿੰਦਰ ਬੇਗੋਵਾਲੀਆ, ਵਾਰਡ ਨੰ. 2,
ਟਾਂਡਾ ਰੋਡ ਬੇਗੋਵਾਲ (ਕਪੂਰਥਲਾ)–144621

Email : daljit44411@yahoo.co.in

ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਲੇਖਕ ਆਪਣੀ ਰਚਨਾ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ।
ਵਾਲੀਆ ਪ੍ਰਿੰਟਰ ਤੋਂ ਛਪਵਾ ਕੇ ਦਫ਼ਤਰ ਰੂਹ ਪੰਜਾਬੀ ਜਲੰਧਰ ਤੋਂ ਜਾਰੀ ਕੀਤਾ।



*ਸੰਪਾਦਕੀ*

# ਸਾਹਿਤ ਪ੍ਰੇਮੀ

ਇੱਕ ਰਸਾਲੇ ਦੇ ਪ੍ਰਬੰਧਕੀ ਬੋਰਡ ਦਾ ਮੈਂਬਰ ਰਸਾਲੇ ਦੇ ਪਾਠਕਾਂ ਦੀ ਗਿਣਤੀ ਵਧਾਉਣ ਵਾਸਤੇ ਆਪਣੇ ਦੋ ਨਜ਼ਦੀਕੀਆਂ ਦੇ ਘਰ ਗਿਆ। ਉਸ ਨੇ ਪਹਿਲਾਂ ਹੀ ਫ਼ੂਨ ਤੇ ਉਨ੍ਹਾਂ ਨੂੰ ਸੂਚਿਤ ਕਰ ਦਿੱਤਾ ਸੀ ਕਿ ਮਾਂ ਬੋਲੀ ਪੰਜਾਬੀ ਦੇ ਸੇਵਾ ਹਿਤ ਉਨ੍ਹਾਂ ਕੋਲੋਂ ਸਾਲਾਨਾ ਚੰਦੇ ਦੇ ਰੂਪ ਵਿੱਚ ਸੌ ਰੁਪਏ ਖਰਚਾਉਣੇ ਹਨ। ਪਹਿਲੇ ਘਰ ਪਹੁੰਚ ਕੇ ਘਰ ਦੇ ਮਾਲਕ ਨੂੰ ਰਸਾਲਾ ਦਿੱਤਾ। ਰਸਾਲੇ ਦੇ ਅੰਦਰ ਅਤੇ ਬਾਹਰ ਝਾਤ ਮਾਰਨ ਉਪਰੰਤ ਉਸ ਵਿਅਕਤੀ ਨੇ ਕਿਹਾ, "ਜਿੰਨੀ ਕੁ ਮੇਰੀ ਸਮਝ ਵਿੱਚ ਗੱਲ ਪਈ ਏ, ਸਾਰੀਆਂ ਲਿਖਤਾਂ ਪੜ੍ਹਨ ਵਾਲੀਆਂ ਨੇ। ਮੈਂ ਵਿਹਲਾ ਸਮਾਂ ਇਹ ਰਸਾਲੇ ਦੇ ਲੇਖੇ ਲਾਇਆ ਕਰਾਂਗਾ। ਚੰਦਾ ਸੌ ਰੁਪਏ ਲਿਖਿਐ ਸਾਲ ਦਾ, ਇੱਕ ਹਜ਼ਾਰ ਰੁਪਏ ਜੀਵਨ ਭਰ ਦਾ ਸਾਥ ਲਿਖਿਐ। ਤੁਸੀਂ ਇੱਕ ਨੇਕ ਕੰਮ ਕਰ ਰਹੇ ਹੋ। ਤੁਸੀਂ ਹਜ਼ਾਰ ਈ ਲੈ ਜਾਓ, ਕੱਲ੍ਹ ਖੇਡਾਂ ਕਰਾਉਣ ਵਾਲਿਆਂ ਵੀ ਤਾਂ ਪੰਜ ਹਜ਼ਾਰ ਰੁਪਏ ਕਢਾ ਕੇ ਜਾਨ ਛੱਡੀ ਸੀ।" ਉਸ ਭਲੇ ਵਿਅਕਤੀ ਨੇ ਰਸਾਲੇ ਨੂੰ ਮੱਥੇ ਨਾਲ ਲਾਇਆ ਅਤੇ ਇੱਕ ਹਜ਼ਾਰ ਰੁਪਏ ਮੌਕੇ ਤੇ ਦੇ ਦਿੱਤੇ। ਧੰਨਵਾਦ ਕਰਨ ਉਪਰੰਤ ਰਸਾਲੇ ਦੇ ਪ੍ਰਬੰਧਕੀ ਬੋਰਡ ਦਾ ਮੈਂਬਰ ਦੂਜੇ ਨਜ਼ਦੀਕੀ ਦੇ ਘਰ ਗਿਆ। ਘਰ ਵਿੱਚ ਮੌਜੂਦ ਤਿੰਨ ਚਾਰ ਜਣੇ ਇੱਕ ਦੂਸਰੇ ਨੂੰ ਗਾਹਲਾਂ ਕੱਢੀ ਜਾ ਰਹੇ ਸਨ। ਘਰ ਦੇ ਮੁੱਖੀ ਨੇ ਰਸਾਲਾ ਪ੍ਰਾਪਤ ਕਰਨ ਉਪਰੰਤ ਸਰਸਰੀ ਜਿਹੀ ਨਜ਼ਰ ਮਾਰੀ ਅਤੇ ਰਸਾਲੇ ਨੂੰ ਮੰਜੇ ਤੇ ਸੁੱਟ ਦਿੱਤਾ। ਉਸ ਸਮੇਂ ਅਚਾਨਕ ਬਿਜਲੀ ਆ ਗਈ ਅਤੇ ਗਾਣੇ ਦੀ ਆਵਾਜ਼ ਆਈ 'ਗਲਾਸੀ ਖ਼ੜਕੇਗੀ ਜਦ ਮਿਲੇ ਯਾਰਾਂ ਨੂੰ ਯਾਰ।' ਘਰ ਦੇ ਦੋ ਮੈਂਬਰ ਨੱਚਣ ਲੱਗ ਪਏ। ਰਸਾਲੇ ਵਾਲਾ ਪ੍ਰੇਸ਼ਾਨ ਹੋ ਗਿਆ। ਘਰ ਦਾ ਮੁੱਖੀ ਕਹਿੰਦਾ, 'ਤਾਂ ਫਿਰ ਸੌ ਰੁਪਏ ਜ਼ਰੂਰ ਕਢਵਾਉਣੇ ਨੇ?' ਰਸਾਲੇ ਵਾਲਾ ਸਿਰਫ਼ ਇੰਨਾ ਹੀ ਕਹਿ ਸਕਿਆ, 'ਅਜੇ ਕੋਈ ਕਾਹਲੀ ਨਹੀਂ, ਤੁਸੀਂ ਰਸਾਲਾ ਪੜ੍ਹਨ ਲਈ ਟਾਈਮ ਕੱਢਿਓ।' ਚੰਗਾ ਲੱਗੇ ਤਾਂ ਸੌ ਰੁਪਏ ਦੇ ਦਿਓ, ਨਹੀਂ ਤਾਂ ਕੋਈ ਗੱਲ ਨਹੀਂ।' ਘਰੋਂ ਬਾਹਰ ਆ ਕੇ ਸੋਚਣ ਲੱਗਾ ਕਿ ਕੁਦਰਤ ਨੇ ਵੱਖਰੇ ਸੁਭਾਅ ਵਾਲੇ ਵਿਅਕਤੀ ਇਸ ਧਰਤੀ ਤੇ ਭੇਜੇ ਹਨ। ਇੱਕ ਬੰਦਾ ਕਿਤਾਬੀ ਦੁਨੀਆ ਨੂੰ ਪੂਜਦਾ ਹੈ ਜਦ ਕਿ ਦੂਜੇ ਨੂੰ ਕਿਤਾਬ ਵੱਲ ਵੇਖਿਆਂ ਫੁਰੀ ਆਉਂਦੀ ਹੈ। ਕਿਸੇ ਥਾਂ ਮੰਦਭਾਗੀ ਘਟਨਾ ਵਾਪਰ ਜਾਏ ਤਾਂ ਕੁੱਝ ਲੋਕਾਂ ਦੇ ਮਨ ਪਸੀਜ ਜਾਂਦੇ ਹਨ ਪਰ ਪੱਥਰ ਦਿਲ ਲੋਕਾਂ ਤੇ ਕੋਈ ਅਸਰ ਨਹੀਂ ਪੈਂਦਾ।

ਸਾਹਿਤ-ਜਗਤ ਵਿੱਚ ਵੀ ਵਿਭਿੰਨ ਸੁਭਾਅ ਵਾਲੇ ਲੇਖਕ ਹਨ। ਕੁੱਝ ਹਮਦਰਦੀ ਪ੍ਰਗਟਾਉਂਦੇ ਹੋਏ ਨਵੇਂ ਲੇਖਕਾਂ ਦੀਆਂ ਰਚਨਾਵਾਂ ਪੜ੍ਹਨ ਉਪਰੰਤ ਸੋਧ ਵੀ ਕਰ ਦਿੰਦੇ ਹਨ। ਕਈ ਸਥਾਪਿਤ ਹੋ ਚੁੱਕੇ ਲੇਖਕ ਨਵੇਂ ਲੇਖਕਾਂ ਦੀਆਂ ਰਚਨਾਵਾਂ ਪੜ੍ਹਦੇ ਹੀ ਨਹੀਂ। ਜੇ ਕਦੇ ਕਿਸੇ ਗੋਸ਼ਟੀ ਸਮਾਗਮ ਵਿੱਚ ਵਿਸ਼ੇਸ਼ ਸੱਦੇ ਤੇ ਕਿਸੇ ਪੁਸਤਕ ਸਬੰਧੀ ਕੁੱਝ ਸ਼ਬਦ ਕਹਿਣੇ ਹੀ ਪੈਣ ਤਾਂ ਮਾਨ ਸਨਮਾਨ ਪ੍ਰਾਪਤ ਕਰਨ ਹਿੱਤ ਓਪਰੀ ਜਿਹੀ ਗੱਲ ਕਰਕੇ ਆਪਣੀਆਂ ਰਚਨਾਵਾਂ ਦਾ ਕਿੱਸਾ ਛੇੜ ਦਿੰਦੇ ਹਨ। ਇਹ ਲੋਕ ਸਾਹਿਤਕਾਰ ਜ਼ਰੂਰ ਹਨ ਪਰ ਸਾਹਿਤ ਪ੍ਰੇਮੀ ਨਹੀਂ ਹੋ ਸਕਦੇ। ਸਾਹਿਤ ਪ੍ਰੇਮੀ ਹੋਣ ਦਾ ਭਾਵ ਹੈ ਕਿ ਚੰਗਾ ਇਨਸਾਨ ਹੋਣਾ ਅਤੇ ਲੋਕ ਪੱਖੀ ਸੁਭਾਅ ਦਾ ਮਾਲਕ ਹੋਣਾ।

*- ਸਤਵਿੰਦਰ ਬੇਗਵਾਲੀਆ*

◆◆◆

## ਪ੍ਰਾਪਤ ਪੁਸਤਕਾਂ

1. ਰਾਵਣ ਨਹੀਂ ਮਰੇ (ਕਹਾਣੀ ਸੰਗ੍ਰਹਿ) – ਚੰਨੀ ਚਹਿਲ
2. ਕੁਰਾਹੇ ਜਵਾਨੀ (ਵਾਰਤਕ) – ਅਮਨਦੀਪ ਸਿੰਘ ਜੌਹਲ
3. ਦਿਲ ਦੀ ਆਵਾਜ਼ (ਕਾਵਿ ਸੰਗ੍ਰਹਿ) – ਰਾਜੇਸ਼ਵਰ ਸਿੰਘ ਰਾਠੀ
4. ਦੇਖਿਆ ਪ੍ਰੀਖਿਆ (ਕਵਿਤਾਵਾਂ ਤੇ ਗ਼ਜ਼ਲਾਂ) – ਬਚਨ ਸਿੰਘ ਗੁਰਮ
5. ਨਵੀਂ ਰੋਸ਼ਨੀ (ਸਾਂਝਾ ਸੰਗ੍ਰਹਿ) – ਸੰਪਾਦਕ ਧਰਵਿੰਦਰ ਸਿੰਘ ਔਲਖ
6. ਸੂਲ ਸੁਰਾਹੀ (ਤ੍ਰੈ ਮਾਸਿਕ) – ਸੰਪਾਦਕ ਬਲਬੀਰ ਸਿੰਘ ਸੈਣੀ
7. ਰਣਜੀਤ (ਤ੍ਰੈ ਮਾਸਿਕ) – ਸੰਪਾਦਕ ਇੰਜੀ. ਕਰਮਜੀਤ ਸਿੰਘ
8. ਗੰਧਲੇ ਪਾਣੀ (ਨਾਵਲ) – ਬਲਦੇਵ ਸਿੰਘ

◆◆◆



*ਲਘੂ ਨਾਟਕ*

# ਲੁਈਸ ਪਾਸਚਰ

**ਸਤਵਿੰਦਰ ਬੇਗੋਵਾਲੀਆ**



ਪਾਤਰ

1 ਅਤੇ 2 : ਸੂਤਰਧਾਰ ਦੇ ਨਾਲ-ਨਾਲ ਪਾਤਰ ਵੀ ਹਨ।
ਪਾਸਚਰ : ਫਰਾਂਸੀਸੀ ਵਿਗਿਆਨੀ
ਰੌਕਸ : ਪਾਸਚਰ ਦਾ ਅਸਿਸਟੈਂਟ
ਮੇਰੀ ਲੋਰੈਂਟ : ਪਾਸਚਰ ਦੀ ਪਤਨੀ
ਗਰੈਂਚਰ : ਡਾਕਟਰ
ਜੋਸਫ਼ : 14 ਸਾਲ ਦੀ ਉਮਰ ਦਾ ਲੜਕਾ
ਔਰਤ : ਜੋਸਫ਼ ਦੀ ਮਾਂ

(ਮੰਚ ਤੇ ਰੋਸ਼ਨੀ ਪੈਂਦੀ ਹੈ, ਨੰਬਰ 1 ਆਪਣੇ ਮੋਬਾਈਲ ਤੇ ਚੱਲ ਰਿਹਾ ਧਾਰਮਿਕ ਗੀਤ ਸੁਣ ਕੇ ਖੁਸ਼ੀ ਨਾਲ ਝੂਮ ਰਿਹਾ ਹੁੰਦਾ ਹੈ, ਨੰਬਰ 2 ਉਸ ਵੱਲ ਵੇਖ ਰਿਹਾ ਹੁੰਦਾ ਹੈ)

ਗੀਤ ਦੀ ਆਵਾਜ਼ :

ਮੇਰੀ ਮੇਰੀ ਨਾ ਕਰ ਬੰਦਿਆ
ਨੇਕੀ ਕਰ ਪੁੰਨ ਖੱਟ ਬੰਦਿਆ।
ਖੋਟੇ ਲੋਕਾਂ ਤੋਂ ਪਾਸਾ ਵੱਟ ਕੇ,
ਹਰ ਦਮ ਰੱਬ ਰੱਬ ਕਰ ਬੰਦਿਆ।

1. (ਗਾਉਂਦਾ ਹੋਇਆ) ਹਰ ਦਮ ਰੱਬ ਰੱਬ ਕਰ ਬੰਦਿਆ...
2. (ਟੋਕਦਾ ਹੋਇਆ) ਜੇ ਤੂੰ ਹਰ ਦਮ ਰੱਬ ਰੱਬ ਕਰਦਾ ਰਹੇਂਗਾ ਤਾਂ ਕੰਮ ਕਿਸ ਟਾਈਮ ਕਰੇਂਗਾ?
1. ਤਿੱਖੇ ਸਵਾਲ ਨਾ ਕਰਿਆ ਕਰ, ਮਹਾਂਪੁਰਸ਼ਾਂ ਦੇ ਗਾਏ ਭਜਨ
2. ਕਿਹੜੇ ਮਹਾਂਪੁਰਸ਼?
1. ਪੀਲੇ ਚੋਲੇ ਵਾਲੇ ਮਹਾਂਪੁਰਸ਼ਾਂ ਦੇ।
2. ਤੂੰ ਕੀ ਜਾਣੈਂ ਮਹਾਂਪੁਰਸ਼ ਕੌਣ ਕੌਣ ਹੋਏ, ਜਿਨ੍ਹਾਂ ਨੇ ਸਾਰੀ ਜ਼ਿੰਦਗੀ

ਲੋਕਾਂ ਦੀ ਸੇਵਾ ਵਿੱਚ ਲਾ ਦਿੱਤੀ ਕਿ ਇਹ ਸੰਸਾਰ ਸੁਹਾਵਣਾ ਹੋ ਸਕੇ। ਆਹ ਸੁਣੀਂ (ਮੋਬਾਇਲ ਤੋਂ ਗੀਤ ਦੀ ਆਵਾਜ਼ ਸੁਣਾਈ ਦਿੰਦੀ ਹੈ)

ਗੀਤ ਦੀ ਆਵਾਜ਼ : ਹੰਝੂ ਗਏ ਤੇ ਹਾਸੇ ਆਏ
ਹਰ ਚਿਹਰੇ ਤੇ ਆਈ ਰਵਾਨੀ।
ਪੱਥਰ ਯੁੱਗ ਤੋਂ ਅੱਜ ਤੱਕ
ਚਲਦੀ ਸਾਇੰਸ ਦੀ ਕਹਾਣੀ।

1. ਸਾਇੰਸ ਦੀ ਕਹਾਣੀ?

2. ਹਾਂ ਸਾਇੰਸ ਦੀ ਕਹਾਣੀ, ਜਿਸ ਕਰਕੇ ਇੰਨੀ ਵੱਡੀ ਦੁਨੀਆ ਇੱਕ ਗਲੋਬਲ ਭਾਵ ਇੱਕ ਪਿੰਡ ਬਣ ਗਈ। ਅੱਜ ਮੈਨੂੰ ਉਹ ਮਹਾਨ ਵਿਗਿਆਨੀ ਯਾਦ ਆ ਰਿਹੈ, ਜਿਹਨੇ ਇੱਕ ਲਾਇਲਾਜ ਬਿਮਾਰੀ ਦਾ ਇਲਾਜ ਖੋਜਿਆ, ਜਿਸ ਬਿਮਾਰੀ ਦੀ ਲਪੇਟ ਵਿੱਚ ਜੋ ਵੀ ਆ ਜਾਂਦਾ, ਨਾਲ ਹੀ ਜੀਵਨ ਦੀ ਲੀਲਾ ਖਤਮ ਹੋ ਜਾਂਦੀ।

1. (ਉਤਸੁਕਤਾ ਵਿਖਾਉਂਦਾ ਹੋਇਆ) ਉਹ ਕਿਹੜਾ ਵਿਗਿਆਨੀ ਏ ਜੋ ਇਸ ਟਾਈਮ ਤੇਰੇ ਮਨ 'ਚ ਹਲਚਲ ਮਚਾ ਰਿਹੈ?

2. ਉਸ ਮਹਾਨ ਵਿਗਿਆਨੀ ਦਾ ਨਾਂ ਹੈ – ਲੂਈਸ ਪਾਸਚਰ।

1. ਲੂਈਸ ਪਾਸਚਰ ? ਕੌਣ ਸੀ ਉਹ?

2. ਫਰਾਂਸ ਵਿੱਚ ਇੱਕ ਸਾਧਾਰਣ ਪਰਿਵਾਰ ਵਿੱਚ ਉਸ ਦਾ ਜਨਮ 27 ਦਸੰਬਰ 1822 ਵਿੱਚ ਹੋਇਆ। ਇਸ ਸਾਧਾਰਣ ਬਾਲਕ ਨੇ ਬਾਅਦ ਵਿੱਚ ਇੰਨੀ ਉੱਚੀ ਉਡਾਣ ਭਰੀ ਕਿ ਜਾਪਿਐ ਜਿਵੇਂ ਕੋਈ ਚਮਤਕਾਰ ਹੋ ਗਿਆ ਹੋਵੇ।

1. (ਕੁੱਝ ਚੇਤੇ ਕਰਦਾ ਹੋਇਆ) ਮੈਂ ਵੀ ਕਿਤੇ ਪੜ੍ਹਿਆ ਸੀ ਉਹ ਸਕੂਲ ਵਿੱਚ ਦਰਮਿਆਨਾ ਜਿਹਾ ਵਿਦਿਆਰਥੀ ਸੀ, ਮਤਲਬ 100 ਵਿੱਚੋਂ 50 ਕੁ ਨੰਬਰ ਖਿੱਚ ਧੂਹ ਕੇ ਲੈਣ ਵਾਲਾ।

2. ਬਿਲਕੁਲ ਠੀਕ ਪੜ੍ਹਿਐ। ਸਕੂਲ ਵਿੱਚ ਨਾ ਤਾਂ ਕਦੇ ਉਸ ਨੂੰ ਸ਼ਾਬਾਸ਼ ਮਿਲੀ ਤੇ...

1. (ਟੋਕਦਾ ਹੋਇਆ) ਨਾ ਹੀ ਕਦੇ ਸਜ਼ਾ ਮਿਲੀ ਜਿਵੇਂ ਸਾਡੇ ਇਥੇ ਸਕੂਲਾਂ ਵਿੱਚ ਮਾਸਟਰ ਨਲਾਇਕ ਮੁੰਡਿਆਂ ਨੂੰ ਮੁਰਗਾ ਬਣਾ ਦਿੰਦੇ ਨੇ।



2. ਪਾਸਚਰ ਨੇ 1840 ਵਿੱਚ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ ਪਰ ਹੇਠਲੇ ਗਰੇਡ ਵਿੱਚ, ਰਾਇਲ ਕਾਲਜ ਬੇਸਨਕਨ ਵਿੱਚ।

1. (ਹੈਰਾਨੀ ਵਿੱਚ) ਵੇਸਣ?

2. (ਮਾਖੌਲ ਕਰਦਾ ਹੋਇਆ) ਆਹੋ ਆਹੋ ਵੇਸਣ, ਜਿਹੜਾ ਤੂੰ ਮੋਟੂ ਹਲਵਾਈ ਦੀ ਦੁਕਾਨ ਤੇ ਬਹਿ ਕੇ ਖਾਂਦਾ ਰਿਹੈਂ। ਧਿਆਣ ਨਾਲ ਸੁਣ, ਉਹ ਪੜ੍ਹਦਾ ਸੀ ਰਾਇਲ ਕਾਲਜ ਬੇਸਨਕਨ।

1. ਬੇ...ਸਨ...ਕਨ..।

2. ਆਹ ਫੜ ਕਿਤਾਬ।

1. ਕੀ ਏ ਇਹਦੇ ਵਿੱਚ?

2. ਲੂਈਸ ਪਾਸਚਰ – ਉਸ ਦਾ ਜੀਵਨ ਤੇ ਖੋਜਾਂ। ਇੱਕ ਕਿਤਾਬ ਤੂੰ ਪੜ੍ਹ ਤੇ ਦੂਜੀ ਮੈਂ ਪੜ੍ਹਾਂਗਾ।

1. ਯਾਰ, ਤੂੰ ਈ ਪੜ੍ਹ ਕੇ ਮੈਨੂੰ ਸੁਣਾ। ਕਿੱਥੇ ਮੱਥਾ ਮਾਰਾਂਗਾ ਮੈਂ ਆਹ ਕਿਤਾਬ ਨਾਲ।

2. ਨਾ ਕਿਤਾਬ ਤੋਂ ਤੈਨੂੰ ਢੂਰੀ ਆਉਂਦੀ ਏ! ਆਪਾਂ ਦੋਵੇਂ ਪੜ੍ਹਾਂਗੇ, ਸਾਨੂੰ ਇੰਜ ਜਾਪੇਗਾ ਕਿ ਲੂਈਸ ਪਾਸਚਰ ਸਾਡੇ ਦਰਮਿਆਣ ਖੜ੍ਹਾ ਏ, ਕੰਮ ਕਰ ਰਿਹੈ। (ਕਿਤਾਬ ਤੋਂ ਪੜ੍ਹਦਾ ਹੋਇਆ) ਬੀ.ਏ. ਕਰਨ ਉਪਰੰਤ ਪਾਸਚਰ ਉਸੇ ਕਾਲਜ ਵਿੱਚ ਟੀਚਿੰਗ ਅਸਿਸਟੈਂਟ ਬਣ ਗਿਆ।

1. (ਕਿਤਾਬ ਪੜ੍ਹਦਾ ਹੋਇਆ) ਫਿਰ ਉਹਦਾ ਮਨ ਕੀਤਾ ਕਿ ਮੈਂ ਡਿਗਰੀ ਸਾਇੰਸ ਕੋਰਸ ਗਣਿਤ ਨਾਲ ਕਰਾਂ...

2. ਪਰ ਉਹ ਫੇਲ੍ਹ ਹੋ ਗਿਆ।

1. ਫਿਰ ਤਾਂ ਉਹ ਸਾਡੇ ਵਰਗਾ ਸੀ ਡਫ਼ਰ, ਪੂਰਾ ਬੁੱਧੂ?

2. ਜ਼ਰਾ ਅਗਾਂਹ ਪੜ੍ਹ।

(ਰੋਸ਼ਨੀ ਬੁੱਝਣ ਬਾਅਦ ਜਗਦੀ ਹੈ ਤਾਂ ਪਾਸਚਰ ਮੰਚ ਤੇ ਨਜ਼ਰੀਂ ਪੈਂਦਾ ਹੈ)

ਪਾਸਚਰ : ਹਾਂ, ਮੈਂ ਪਾਸ ਨਹੀਂ ਹੋ ਸਕਿਆ। ਮੈਂ ਅਰਸ਼ਾਂ 'ਚ ਉਡਾਰੀਆਂ ਮਾਰਨਾ ਚਾਹੁੰਦਾ ਸੀ ਪਰ ਮੈਂ ਆਪਣੀ ਕੋਸ਼ਿਸ਼ ਵਿੱਚ ਅਰਸ਼ ਤੋਂ ਸਿੱਧਾ ਈ ਆ ਡਿੱਗਾ ਵਾਂ ਫਰਸ਼ ਤੇ। ਕਿਹੜਾ ਮੂੰਹ ਲੈ ਕੇ ਜਾਵਾਂਗਾ ਆਪਣੇ ਡੈਡ ਪਾਸ। ਰਿਪੋਰਟ ਦਿਆਂਗਾ ਕਿ ਮੈਂ ਚੰਨ ਚਾੜ੍ਹ ਆਇਆਂ। ਜੇ

ਉਨ੍ਹਾਂ ਜੁੱਤੀ ਲਾਹ ਲਈ ਤਾਂ ਮੇਰੇ ਸਿਰ ਦੀ ਸ਼ਾਮਤ ਆ ਜਾਵੇਗੀ। ਵੈਰੀ ਸੈਡ ਮੂਮੈਂਟਸ ਫਾਰ ਮੀ... ਕੀ ਕਰਾਂ?

ਪਿੱਛੋਂ ਆਵਾਜ਼ : ਹਿੰਮਤ ਅੱਗੇ ਲਛਮੀ, ਪੱਖੇ ਅੱਗੇ ਪੌਣ
ਜਿੱਥੇ ਦਲਿੱਦਰ ਆ ਵਸੇ, ਉਥੇ ਸੁਖੀਆ ਕੌਣ।

ਪਾਸਚਰ : ਇਹ ਆਵਾਜ਼? ਮੇਰੇ ਡੋਲ੍ਹੇ ਪਏ ਮਨ ਨੂੰ ਕੁਝ ਧਰਵਾਸ ਦੇ ਰਹੀ ਜਾਪਦੀ ਏ। (ਰੋਕਸ ਆਉਂਦਾ ਹੈ)

ਰੋਕਸ : (ਗਾਉਂਦਾ ਹੋਇਆ) ਮੈਂ ਆਪਣੀ ਕਿਤਾਬ ਪੜ੍ਹਾਂਗਾ, ਇਹਦਾ ਸਤਿਕਾਰ ਕਰਾਂਗਾ। ਮੈਂ ਆਪਣੀ ਕਿਤਾਬ ਪੜ੍ਹਾਂਗਾ...

ਪਾਸਚਰ : ਰੋਕਸ, ਮੇਰੇ ਦੋਸਤ। ਤੈਨੂੰ ਸੁਣ ਕੇ ਮਨ 'ਚ ਕੁਝ ਕਰਨ ਦੀ ਚਿਨਗ ਪੈਦਾ ਹੋਈ ਏ।

ਰੋਕਸ : ਬੰਦੇ ਡਿਗਦੇ ਨੇ, ਲੇਟਦੇ ਨਹੀਂ, ਉੱਠ ਪੈਂਦੇ ਨੇ ਛਾਲ ਮਾਰ ਕੇ। ਦੌੜਦੇ ਨੇ ਤੇ ਲੰਬੀ ਦੌੜ ਦੇ ਘੋੜੇ ਬਣ ਜਾਂਦੇ ਨੇ।

ਪਾਸਚਰ : ਤੇਰੀ ਗੱਲ 'ਚ ਬੜਾ ਦਮ ਏ। ਮੈਂ ਇੱਕ ਵਾਰ ਫਿਰ ਕੋਸ਼ਿਸ਼ ਕਰਾਂਗਾ ਤੇ ਦਾਗ ਧੋ ਦਿਆਂਗਾ ਆਪਣੀ ਹਾਰ ਦੇ। ਆਈ ਵਿਲ ਸਕਸੀਡ ਇਨ ਮਾਈ ਮਿਸ਼ਨ।

ਰੋਕਸ : ਵੈਰੀ ਗੁੱਡ, ਮੈਂ ਤੈਨੂੰ ਹੋਰ ਕਿਤਾਬਾਂ ਵੀ ਦੇਵਾਂਗਾ। ਤੇਰੇ ਸਿਤਾਰੇ ਕਾਲੇ ਬਦਲਾਂ 'ਚੋਂ ਬਾਹਰ ਆ ਕੇ ਟਿਮਟਿਮਾਉਣਗੇ।

ਪਾਸਚਰ : ਠੀਕ ਏ ਮੇਰੇ ਜਿਗਰੀ ਦੋਸਤ।
ਰੋਸ਼ਨੀ ਬੁੱਝਦੀ ਹੈ, ਇੱਕ ਪਲ ਬਾਅਦ ਫਿਰ ਮੰਚ ਤੇ ਪੈਂਦੀ ਹੈ।

2\. ਪਾਸਚਰ ਨੇ ਪੂਰੀ ਲਗਨ ਅਤੇ ਮਿਹਨਤ ਨਾਲ ਇਮਤਿਹਾਨ ਦੀ ਤਿਆਰੀ ਕੀਤੀ ਤੇ...

1\. (ਟੋਕਦਾ ਹੋਇਆ) ਕਿਹੜੇ ਸਫੇ ਤੇ ਪਹੁੰਚਿਐਂ?

2\. ਸਫ਼ਾ ਨੰਬਰ 20 ਤੇ, ਤੂੰ ਕਿਹੜੇ ਸਫ਼ੇ ਤੇ ਵੇਂ?

1\. ਮੈਂ ਤਾਂ ਸਤਾਰਵੇਂ ਵਿੱਚ ਈ ਫੱਸਿਆ ਪਿਆਂ। ਖਰਗੋਸ਼ ਵਾਂਗ ਨਾ ਦੁੜੰਗੇ ਮਾਰ।

2\. ਤੇ ਤੂੰ ਕੱਛੂ ਦੀ ਚਾਲ ਨਾ ਛੱਡੀਂ। ਇਧਰ ਕਰ ਕਿਤਾਬ, ਆਹ ਲਾਈਨਾਂ ਬਾਅਦ ਵਿੱਚ ਪੜ੍ਹ ਲਵੀਂ ਜੋ ਮੈਂ ਅੰਡਰ ਲਾਈਨ ਕੀਤੀਆਂ ਨੇ।

1\. (ਪੜ੍ਹਦਾ ਹੋਇਆ) 1842 ਵਿੱਚ ਡਿਗਰੀ ਸਾਇੰਸ ਕੋਰਸ ਪਾਸ



ਕਰ ਲਿਆ। ਸੰਨ 1845 ਵਿੱਚ ਬੈਚਲਰ ਆਫ਼ ਸਾਇੰਸ ਡਿਗਰੀ ਹਾਸਲ ਕੀਤੀ ਤੇ...

2\. ਕਈ ਥਾਵਾਂ ਤੇ ਪ੍ਰੋਫੈਸਰ ਵਜੋਂ ਸੇਵਾ ਕਰਦਾ ਹੋਇਆ ਸਟਰਾਸ ਬਰਗ ਦੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਲੱਗ ਗਿਆ। ਸਾਲ 1849 ਦੀ ਗੱਲ ਹੈ ਕਿ ਰੈਕਟਰ ਦੀ ਪੁੱਤਰੀ ਮੇਰੀ ਲਾਰੈਂਟ ਨਾਲ ਉਹਦੀ ਮੁਲਾਕਾਤ ਹੋ ਗਈ।

1\. ਮੁਲਾਕਾਤ ਹੋ ਗਈ? ਕਿੱਥੇ ਕਰਕੇ... ਹਾਂ ਇਥੇ ਹੋਈ ਸੀ ਪਾਸਚਰ ਤੇ ਮੇਰੀ ਦੀ ਮੁਲਾਕਾਤ...
(ਰੋਸ਼ਨੀ ਬੁੱਝਣ ਉਪਰੰਤ ਫਿਰ ਮੰਚ ਤੇ ਇੱਕ ਪਾਸੇ ਪੈਂਦੀ ਹੈ, ਪਾਸਚਰ ਅਤੇ ਮੇਰੀ ਗੱਲਬਾਤ ਕਰਦੇ ਵਿਖਾਈ ਦਿੰਦੇ ਹਨ।

ਪਾਸਚਰ : ਮੈਂ ਲੱਕੀ ਆਂ ਕਿ ਮੈਨੂੰ ਤੇਰੇ ਜਿਹੀ ਫਰੈਂਡ ਮਿਲੀ।

ਮੇਰੀ : ਗਾਡ ਮਿਹਰਬਨਾ ਏ, ਜਿਹਨੇ ਮੇਰੀ ਪਸੰਦ ਦਾ ਸਾਥੀ ਦਿੱਤੈ। ਡਰੀਮ ਕਮ ਟਰੂ।

ਪਾਸਚਰ : ਤੇਰੇ ਵਿਚਾਰ, ਤੇਰੀ ਕਾਮਨ ਸੈਨਸ ਮੇਰੇ ਦਿਲ ਨੂੰ ਟੱਚ ਕਰਦੀ ਏ। ਮੇਰੀ।

ਮੇਰੀ : ਤੂੰ ਦੂਸਰੇ ਬੰਦਿਆਂ ਤੋਂ ਵੱਧ ਪਾਜੇਟਿਵ ਏਂ। ਕਦੇ ਕਦੇ ਮੈਨੂੰ ਫੀਲ ਹੁੰਦੈ ਤੂੰ ਕੋਈ ਡਿਸਕਵਰੀ ਜ਼ਰੂਰ ਕਰੇਂਗਾ।

ਪਾਸਚਰ : ਮੇਰਾ ਮਨ ਹਰ ਟਾਈਮ ਕੁੱਝ ਨਵਾਂ ਲੱਭਣ ਲਈ ਸਮਥਿੰਗ ਨਿਊ ਕਰਨ ਲਈ ਬੇਚੈਨ ਰਹਿੰਦੈ। ਤੇਰਾ ਸਾਥ ਮਿਲ ਗਿਐ, ਮੇਰਾ ਮਨ ਮਜ਼ਬੂਤ ਹੋ ਰਿਹੈ ਕੁਝ ਡਿਸਕਵਰ ਕਰਨ ਲਈ।

ਮੇਰੀ : ਐਟ ਲੀਸਟ ਤੂੰ ਉਨ੍ਹਾਂ ਲੋਕਾਂ ਵਰਗਾ ਨਹੀਂ ਜੋ ਬਿਨਾਂ ਕਾਰਨ ਉੱਚੀ ਉੱਚੀ ਹਾਸਾ ਹੱਸ ਕੇ ਲੋਕਾਂ ਨੂੰ ਡਰਾ ਦਿੰਦੇ ਨੇ। ਹਿਅਰ ਆਰ ਸੋ ਮੈਨੀ ਬਾਰਕਿੰਗ ਡਾਗਸ।

ਪਾਸਚਰ : ਤਾਂ ਫਿਰ ਮੈਂ ਕਿਵੇਂ ਦਾ ਹਾਂ?

ਮੇਰੀ : ਬਾਕੀ ਲੋਕਾਂ ਤੋਂ ਇਕਦਮ ਵੱਖਰਾ। ਤੇਰਾ ਮਸੂਮ ਚਿਹਰਾ, ਤੇਰੀਆਂ ਨਜ਼ਰਾਂ 'ਚ ਵਸੀ ਕੁਦਰਤ... ਇੱਕ ਕ੍ਰਿਸ਼ਮਾ ਜਿਹੀ ਜਾਪਦੀ ਏ।

ਪਾਸਚਰ : ਤੇਰੇ ਡੈਡ ਦਾ ਕੀ ਵਿਚਾਰ ਏ ਮੇਰੇ ਬਾਰੇ?

ਮੇਰੀ : ਉਹ ਤੈਨੂੰ ਬਹੁਤ ਲਾਈਕ ਕਰਦੇ ਨੇ।

ਪਾਸਚਰ : ਸੱਚੀਂ? ਮੇਰੇ ਵਿੱਚੋਂ ਉਨ੍ਹਾਂ ਨੂੰ ਕੀ ਲੱਭਿਆ?

ਮੇਰੀ : ਜੋ ਇੱਕ ਪ੍ਰੋਫੈਸਰ ਦੀਆਂ ਨਜ਼ਰਾਂ ਲਭਦੀਆਂ ਨੇ। ਉਹ ਕਹਿੰਦੇ ਨੇ ਪਾਸਚਰ ਆਰਟੀਫੀਸ਼ੀਅਲ ਮੇਕ ਅਪ ਵਾਲਾ ਪਰਸਨ ਨਹੀਂ। ਬੋਲਦਾ ਥੋੜ੍ਹਾ ਏ ਪਰ ਵਰਕ ਇਜ਼ ਵਰਸ਼ਿਪ ਉਹਦਾ ਸਿਧਾਂਤ ਏ।

ਪਾਸਚਰ : (ਖੁਸ਼ੀ ਵਿੱਚ) ਓ ਮਾਈ ਗਾਡ, ਤੇਰੇ ਡੈਡ ਨੇ ਇੰਨਾ ਕੁੱਝ ਮੇਰੇ 'ਚ ਦੇਖ ਲਿਐ...

ਮੇਰੀ : ਐਟ ਲੀਸਟ ਤੂੰ ਚੀਟਿੰਗ ਨਹੀਂ ਕਰਦਾ। ਤੂੰ ਸੱਚ ਬੋਲਦੈਂ, ਸੱਚੇ ਲੋਕ ਸੁਸਾਇਟੀ ਨੂੰ ਹੈਵਨ ਬਣਾ ਦਿੰਦੇ ਨੇ।

ਪਾਸਚਰ : ਮੇਰੀ, ਮੈਂ ਸਦਾ ਤੇਰੇ ਵਾਸਤੇ ਸਨਸੀਅਰ ਰਹਾਂਗਾ...

ਮੇਰੀ : (ਟੋਕਦੀ ਹੋਈ) ਤੇ ਆਪਣੇ ਕੰਮ ਪ੍ਰਤੀ ਭੀ ਯਾਨੀ ਵਰਕ ਕਲਚਰ।

ਪਾਸਚਰ : ਸੌ ਪਰਸੈਂਟ।

ਮੇਰੀ : ਫਿਰ ਹੁਣ ਆਪਾਂ ਦੋ ਨਹੀਂ, ਇੱਕ ਹੋ ਗਏ ਹਾਂ।

ਪਾਸਚਰ : ਵਾਹ, ਥੈਂਕ ਯੂ ਆਲ ਮਾਈਟੀ

(ਰੋਸ਼ਨੀ ਬੁੱਝਦੀ ਹੈ, ਮੰਚ ਦੇ ਖੱਬੇ ਪਾਸੇ ਰੋਸ਼ਨੀ ਪੈਂਦੀ ਹੈ)

2. ਤੇ ਫਿਰ ਦੋਹਾਂ ਦਾ ਵਿਆਹ ਹੋ ਗਿਆ।

1. (ਮਸਤੀ ਵਿੱਚ) ਵਿਆਹ! ਖੁਸ਼ੀਆਂ ਦਾ ਮੌਕਾ, ਬੈਂਡ ਵਾਜੇ ਦਾ ਮੌਕਾ, ਸਿਹਰੇ ਲੱਗਦੇ ਨੇ, ਲਾੜਾ ਘੋੜੀ ਤੇ ਸਵਾਰ ਤੇ ਨੱਚਣ ਵਾਲੇ ਕਈ ਹਜ਼ਾਰ।

2. ਨਹੀਂ, ਪਾਸਚਰ ਅਤੇ ਮੇਰੀ ਨੇ ਇੱਕ ਦੂਜੇ ਦੇ ਗੱਲ 'ਚ ਫੁੱਲਾਂ ਦੇ ਹਾਰ ਪਾਏ ਤੇ ਪੰਦਰਾਂ ਮਿੰਟਾਂ 'ਚ ਵਿਆਹ ਦੀ ਰਸਮ ਖਤਮ।

1. ਪਾਸਚਰ ਖੁਸ਼ ਹੋਵੇਗਾ ਤੇ ਨਾਲ ਮੇਰੀ ਵੀ...

2. ਉਨ੍ਹਾਂ ਘਰ ਪੰਜ ਬੱਚਿਆਂ ਨੇ ਜਨਮ ਲਿਆ। ਘਰ ਦਾ ਵਿਹੜਾ ਖੁਸ਼ੀਆਂ ਨਾਲ ਭਰ ਗਿਆ। ਪਰ... ਤਿੰਨ ਬੱਚੇ ਬਿਮਾਰ ਹੋ ਗਏ। ਡਾਕਟਰ ਦੀ ਦਵਾਈ ਬੇਅਸਰ ਰਹੀ... ਤਿੰਨੇ ਬੱਚੇ ਖਤਮ ਹੋ ਗਏ।

1. ਬਹੁਤ ਬੁਰਾ ਹੋਇਆ... ਵਿਹੜੇ 'ਚ ਸੁੰਨ ਪੈ ਗਈ ਹੋਵੇਗੀ।

2. ਪਰ ਇਸ ਦੁਰਘਟਨਾ ਨੇ ਪਾਸਚਰ ਦੀ ਜ਼ਿੰਦਗੀ ਹੀ ਬਦਲ ਦਿੱਤੀ, ਉਹ ਖੋਜ ਕਰਨ ਦੇ ਰਾਹ ਪੈ ਗਿਆ ਕਿ ਦਵਾਈ ਦੇਣ ਦੀ ਵਿਧੀ ਲੱਭਣੀ ਏ ਜਿਸ ਰਾਹੀਂ ਦਵਾਈ ਮਰੀਜ਼ ਦੇ ਖੂਨ 'ਚ ਸਿੱਧੀ ਪਹੁੰਚ ਜਾਏ।

1. ਫਿਰ ਕੀ ਹੋਇਆ? ਕਿੱਥੇ ਪੜ੍ਹ ਰਿਹੈਂ?



2. (ਪੜ੍ਹਦੇ ਹੋਏ) ਲੰਬੀ ਖੋਜ ਅਤੇ ਪ੍ਰਯੋਗ ਕਰਨ ਉਪਰੰਤ ਆਖਰ ਪਾਸਚਰ ਨੇ ਦਵਾਈ ਨੂੰ ਸਿੱਧਾ ਬਲੱਡ 'ਚ ਪਹੁੰਚਾਉਣ ਦੀ ਵਿਧੀ ਕੱਢ ਹੀ ਲਈ।

1. ਕਿਵੇਂ ਭੇਜਿਆ ਹੋਵੇਗਾ ਦਵਾਈ ਨੂੰ ਖੂਨ ਵਿੱਚ ?

2. ਅਕਲਾਂ ਵਾਲਿਆਂ ਟੀਕੇ ਰਾਹੀਂ। ਟੀਕਾ ਕਰਨ ਦੀ ਵਿਧੀ ਪਾਸਚਰ ਦੀ ਵੱਡੀ ਦੇਣ ਸੀ।

1. ਯਾਦ ਆਇਆ, ਪਰਸੋਂ ਹਸਪਤਾਲ 'ਚ ਇੱਕ ਬੁੱਢੀ 'ਹਾਏ ਹਾਏ' ਕਰਦੀ ਮਸਾਂ ਹੀ ਪਹੁੰਚੀ। ਡਾਕਟਰ ਨੇ ਤਾਕਤ ਦੀ ਦਵਾਈ ਦਾ ਟੀਕਾ ਲਾ ਦਿੱਤਾ ਉਹਦੀ ਨਾੜ ਵਿੱਚ, ਘੰਟੇ ਬਾਅਦ ਬੁੱਢੀ ਛਾਲਾਂ ਮਾਰਨ ਲੱਗ ਪਈ।

2. ਬਿਲਕੁਲ ਠੀਕ ਥਾਂ ਪਹੁੰਚ ਗਿਐਂ।

(ਰੋਸ਼ਨੀ ਬੁੱਝਣ ਉਪਰੰਤ ਸਟੇਜ ਦੇ ਵਿਚਕਾਰ ਪੈਂਦੀ ਹੈ)

ਪਾਸਚਰ : (ਜਿੱਤ ਭਰੀ ਭਾਵਨਾ ਵਿੱਚ) ਆਖਰ ਮੈਂ ਇੰਜੈਕਸ਼ਨ ਬਣਾ ਹੀ ਲਿਆ। ਆਲਮਾਈਟੀ, ਤੂੰ ਮੇਰੇ ਦਿਮਾਗ 'ਚ ਖਿਆਲ ਭਰਿਆ ਤੇ ਮੈਂ ਇੰਜੈਕਸ਼ਨ ਦੀ ਖੋਜ ਕਰ ਹੀ ਲਈ। ਬਿਮਾਰੀ ਦੇ ਜਰਮ ਇੰਜ ਕਾਬੂ ਕੀਤੇ ਜਾਂਦੇ ਨੇ, ਮੈਂ ਬਹੁਤ ਖੁਸ਼ ਹਾਂ।

ਰੋਕਸ : ਕੰਗਰਾਚੂਲੇਸ਼ਨਸ ਪਾਸਚਰ।

ਪਾਸਚਰ : ਸੇਮ ਟੂ ਯੂ, ਆਪਾਂ ਦੋਵਾਂ ਨੇ ਲੈਬ 'ਚ ਕੰਮ ਕਰਕੇ ਸਫਲਤਾ ਪ੍ਰਾਪਤ ਕੀਤੀ।

ਪਿੱਛੋਂ ਆਵਾਜ਼ : ਬਚਾਓ, ਬਚਾਓ... ਮੇਰੇ ਸਰੀਰ ਤੇ ਗਰਮ ਗਰਮ ਸਲਾਖ ਨਾ ਲਾਓ (ਚੀਖ ਦੀ ਆਵਾਜ਼) ਹਾਏ... ਓਏ... ਹਾਏ ਓਏ...

ਪਾਸਚਰ : (ਹੈਰਾਨੀ ਅਤੇ ਪ੍ਰੇਸ਼ਾਨੀ ਵਿੱਚ) ਇਹ ਭਿਆਨਕ ਚੀਖ? ਮੈਂ ਪਹਿਲਾਂ ਕਦੇ ਨਹੀਂ ਸੁਣੀ ਇਸ ਤਰ੍ਹਾਂ ਦੀ ਚੀਖ।

ਰੋਕਸ : ਮੈਂ ਪਤਾ ਕਰਦਾਂ (ਦੌੜਦਾ ਹੋਇਆ ਚਲਾ ਜਾਂਦਾ ਹੈ)

ਪਿੱਛੋਂ ਆਵਾਜ਼ : ਗਰਮ ਸਲਾਖ ਤੈਨੂੰ ਬਚਾਉਣ ਲਈ ਹੀ ਤਾਂ ਲਾਈ ਏ... ਬੱਸ ਚਾਈਲਡ ਹੋ ਗਿਆ ਕੰਮ...

(ਰੋਕਸ ਤੇਜ਼ ਤੇਜ਼ ਕਦਮੀਂ ਆਉਂਦਾ ਹੈ)

ਰੋਕਸ : ਲੋਕਾਂ ਦੀ ਭੀੜ 'ਚ ਇੱਕ ਮੁੰਡਾ ਚੀਖ ਰਿਹਾ ਸੀ, ਉਹਨੂੰ ਹਲਕਾ ਕੁੱਤਾ ਵੱਢ ਗਿਐ। ਕੁੱਝ ਬੰਦੇ ਗਰਮਾ ਗਰਮ ਸਲਾਖ ਲਿਆਏ।

ਪਾਸਚਰ : ਗਰਮ ਸਲਾਖ? ਕੀ ਕੀਤੈ ਗਰਮ ਸਲਾਖ ਨਾਲ?

ਰੋਕਸ : ਜਿਸ ਥਾਂ ਹਲਕਾ ਕੁੱਤਾ ਵੱਢ ਗਿਆ ਸੀ, ਉਸ ਥਾਂ ਗਰਮ ਸਲਾਖ ਲਾ ਦਿੱਤੀ ਤੇ ਮੁੰਡਾ ਇੰਨੀ ਉੱਚੀ ਚੀਖਿਆ ਕਿ ਸੁਣ ਕੇ ਦਿਲ ਦਹਿਲ ਗਿਆ।

ਪਾਸਚਰ : ਹਲਕੇ ਕੁੱਤੇ ਦੇ ਕੱਟਣ ਨਾਲ ਜਰਮ ਨਸ਼ਟ ਕਰਨ ਲਈ ਗਰਮ ਸਲਾਖ ਵਰਤਦੇ ਹੋਣਗੇ। (ਉਤਸੁਕਤਾ ਨਾਲ) ਰੋਕਸ, ਅਸੀਂ ਕੁੱਝ ਕਰੀਏ। ਇੰਜਕੈਸ਼ਨ ਅਸੀਂ ਬਣਾ ਲਿਐ ਤੇ ਹੁਣ ਹਲਕਾਅ ਦਾ ਇਲਾਜ ਖੋਜੀਏ।

ਰੋਕਸ : ਪਾਲ ਬਰਟ ਵਰਗੇ ਕਈ ਲੋਕ ਇਲਾਜ ਖੋਜ ਰਹੇ ਨੇ।

ਪਾਸਚਰ : ਪਾਲ ਬਰਟ ਜਿਹੇ ਲੋਕਾਂ ਨੂੰ ਸਫ਼ਲਤਾ ਮਿਲੇ। ਸਾਨੂੰ ਵੀ ਖੋਜ ਕਰਨੀ ਚਾਹੀਦੀ ਏ। ਆਓ ਲੈਬ 'ਚ ਬੈਠ ਕੇ ਸੋਚੀਏ।

(ਦੋਵੇਂ ਜਾਂਦੇ ਹਨ, ਰੋਸ਼ਨੀ ਬੁੱਝਣ ਉਪਰੰਤ ਮੰਚ ਦੇ ਖੱਬੇ ਪਾਸੇ ਪੈਂਦੀ ਹੈ)

2. (ਕਿਤਾਬ ਪੜ੍ਹਦੇ ਹੋਏ) ਦੋ ਬੰਦਿਆਂ ਨੇ ਪਾਗਲ ਕੁੱਤੇ ਨੂੰ ਫੜਿਆ ਸੀ। ਕੁੱਤੇ ਦਾ ਮੂੰਹ ਝੱਗ ਨਾਲ ਭਰਿਆ ਸੀ। ਇਹਦੇ ਜਬਾੜਿਆਂ ਰਾਹੀਂ ਕੱਟੇ ਜਾਣ ਤੇ ਮੌਤ ਹੋ ਸਕਦੀ ਸੀ।

1. ਕੁੱਤੇ ਦੇ ਮੂੰਹ 'ਚ ਝੱਗ? ਦਿਲ ਖਰਾਬ ਹੋ ਗਿਐ।

2. ਆਹ ਸੁਣ ਕੋਲ ਹੀ ਪਾਸਚਰ ਖੜ੍ਹਾ ਸੀ, ਜਿਹਦੇ ਹੱਥ ਵਿੱਚ ਸ਼ੀਸ਼ੇ ਦੀ ਤੰਗ ਨਾਲੀ ਸੀ।

1. ਫਿਰ?

2. ਪਾਸਚਰ ਨੇ ਨਾਲੀ ਦਾ ਇੱਕ ਸਿਰਾ ਆਪਣੇ ਬੁੱਲਾਂ ਵਿੱਚ ਰੱਖਿਆ ਤੇ ਦੂਜਾ ਕੁੱਤੇ ਦੇ ਜਬਾੜਿਆਂ 'ਚ। ਕੁੱਤੇ ਦਾ ਥੋੜ੍ਹਾ ਜਿਹਾ ਥੁੱਕ ਨਾਲੀ 'ਚ ਖਿੱਚਿਆ ਬੜੇ ਧਿਆਨ ਨਾਲ।

1. ਜੇ ਜ਼ਿਆਦਾ ਥੁੱਕ ਆ ਜਾਂਦਾ ਤਾਂ?

2. ਤਾਂ ਫਿਰ ਕੁਝ ਵੀ ਹੋ ਸਕਦਾ ਸੀ। ਪਾਸਚਰ ਤੇ ਰੋਕਸ ਨੇ ਥੁੱਕ ਨੂੰ ਖੁਰਦਬੀਨ ਹੇਠਾਂ ਪਰਖਿਆ, ਪਰ ਲੱਭਾ ਕੁੱਝ ਵੀ ਨਾ। ਅੱਗੋਂ ਤੂੰ ਪੜ੍ਹ।

1. ਪਾਸਚਰ ਹੈਰਾਨ ਸੀ ਹਲਕੇ ਕੁੱਤੇ ਦੇ ਕੱਟਣ ਨਾਲ ਜਰਮ ਕਿੱਥੇ ਜਾਂਦੇ ਹਨ? ਕੀ ਇਹ ਖ਼ੂਨ 'ਚ ਚਲੇ ਜਾਂਦੇ ਹਨ?



2. ਕਈ ਪ੍ਰਯੋਗ ਕਰਨ ਬਾਅਦ ਉਹ ਇਸ ਨਤੀਜੇ ਤੇ ਪਹੁੰਚੇ ਕਿ ਇਹ ਜਰਮ ਨਰਵਸ ਸਿਸਟਮ ਤੇ ਅਸਰ ਪਾਉਂਦੇ ਨੇ, ਜਿਸ ਦਾ ਨਤੀਜਾ ਹੈ – ਅਧਰੰਗ।

1. ਅਧਰੰਗ? ਮੌਤ...

(ਰੋਸ਼ਨੀ ਬੁੱਝਦੀ ਹੈ ਅਤੇ ਮੰਚ ਤੇ ਵਿਚਕਾਰ ਪੈਂਦੀ ਹੈ, ਪਾਸਚਰ ਅਤੇ ਰੋਕਸ ਨਜ਼ਰੀ ਪੈਂਦੇ ਹਨ)

ਪਾਸਚਰ : ਵੈੱਲ ਡਨ, ਰੋਕਸ। ਦਿਮਾਗ ਦਾ ਇੱਕ ਖੇਤਰ ਜਿਸ ਨੂੰ ਮੈਡੂਲਾ ਕਿਹਾ ਜਾਂਦੈ, ਤੂੰ ਉਹਦੀ ਲੜੀ ਤਿਆਰ ਕਰ ਲਈ।

ਰੋਕਸ : ਵੱਖਰੀ ਵੱਖਰੀ ਸ਼ਕਤੀ ਦੇ ਅਸੀਂ ਟੀਕੇ ਤਿਆਰ ਤਾਂ ਕਰ ਹੀ ਲਏ ਨੇ। ਜਿਵੇਂ ਤੁਸੀਂ ਕਿਹਾ ਸੀ।

ਪਾਸਚਰ : ਹੁਣ ਅਸੀਂ ਹਰ ਪ੍ਰਕਾਰ ਦੀ ਸ਼ਕਤੀ ਵਾਲੇ ਜਰਮ ਤਿਆਰ ਕਰ ਸਕਦੇ ਹਾਂ ਅਤੇ ਫਿਰ ਉਨ੍ਹਾਂ 'ਤੇ ਕਾਬੂ ਵੀ ਪਾ ਸਕਦੇ ਹਾਂ। ਰੋਕਸ, ਅਸੀਂ ਆਪਣੇ ਮਿਸ਼ਨ 'ਚ ਕਾਮਯਾਬ ਹੋ ਰਹੇ ਹਾਂ।

(ਚੀਖਦੀ ਹੋਈ ਇੱਕ ਔਰਤ ਅਤੇ ਬੱਚਾ ਆਉਂਦੇ ਹਨ)

ਔਰਤ : (ਚੀਖਦੇ ਹੋਏ) ਮੇਰੇ ਪੁੱਤਰ ਨੂੰ ਬਚਾ ਲਓ। ਪਾਸਚਰ, ਤੁਸੀਂ ਪਾਸਚਰ ਹੋ?

ਪਾਸਚਰ : ਹਾਂ, ਪਰ ਕੀ ਹੋਇਆ ਇਸ ਬੱਚੇ ਨੂੰ?

ਔਰਤ : ਮੇਰੇ ਪੁੱਤਰ ਨੂੰ ਹਲਕੇ ਕੁੱਤੇ ਨੇ ਕੱਟਿਐ? ਚੌਦਾਂ ਥਾਵਾਂ ਤੇ ਕੱਟਿਆ ਮੇਰੇ ਜੋਸਫ਼ ਮੀਸਟਰ ਨੂੰ।

ਜੋਸਫ਼ : (ਰੋਂਦਾ ਹੋਇਆ) ਮਮ, ਮੈਨੂੰ ਬਚਾ ਲਓ।

ਔਰਤ : ਪਾਸਚਰ ਸਰ, ਲੋਕ ਕਹਿੰਦੇ ਨੇ ਤੁਸੀਂ ਹਲਕਾਅ ਦਾ ਇਲਾਜ ਕਰਦੇ ਹੋ। ਮੇਰੇ ਜੋਸਫ ਨੂੰ ਬਚਾ ਲਓ, ਗਾਡ ਤੁਹਾਡਾ ਭਲਾ ਕਰੇ।

ਪਾਸਚਰ : ਪਰ... ਪਰ ਮੈਨੂੰ ਅਜੇ ਤੱਕ ਆਪਣੇ ਇਲਾਜ ਤੇ ਪੂਰਾ ਵਿਸ਼ਵਾਸ ਨਹੀਂ।

ਔਰਤ : ਤੁਸੀਂ ਸਾਡੇ ਲਈ ਗਾਡ ਹੋ। ਮੇਰੇ ਜੋਸਫ਼ ਦੀ ਹਾਲਤ ਮੇਰੇ ਕੋਲੋਂ ਵੇਖੀ ਨਹੀਂ ਜਾਂਦੀ।

ਪਾਸਚਰ : ਪਲੀਜ਼ ਰੋਵੋ ਨਾ, ਸੋਚਣ ਦਿਓ। ਰੋਕਸ, ਤੇਰਾ ਕੀ ਵਿਚਾਰ ਏ?

ਰੋਕਸ : ਇਹ ਗਲਤ ਏ, ਕਾਨੂੰਨੀ ਤੌਰ 'ਤੇ ਵੀ ਗਲਤ ਏ। ਜੇ ਇਸ ਬੱਚੇ ਨੂੰ ਨਾ ਬਚਾ ਸਕੇ ਤਾਂ ਸਿੱਧਾ ਜੇਲ੍ਹ ਦੀ ਸੈਰ... ਕਿੰਨੇ ਸਾਲ ਹੋ ਗਏ

ਇਸ ਲੈਬ 'ਚ, ਸੰਨ 1885 ਆ ਗਿਐ...

ਪਾਸਚਰ : ਤੇਰੀ ਗੱਲ ਠੀਕ ਏ ਪਰ...

ਰੋਕਸ : ਤੁਸੀਂ ਚਾਹੋ ਤਾਂ ਖੁਦ ਇਲਾਜ ਕਰੋ ਮੇਰੀ ਮਦਦ ਤੋਂ ਬਿਨਾਂ।

ਪਾਸਚਰ : ਰੋਕਸ ਮੇਰਾ ਸਾਥ ਦੇ। ਇਹ ਘੜੀ ਮੇਰੇ ਲਈ ਬੜੀ ਮੁਸ਼ਕਿਲ ਭਰੀ ਏ।

ਔਰਤ : ਤੁਸੀਂ ਦੋਵੇਂ ਮੇਰੇ ਜੋਸਫ਼ ਨੂੰ ਬਚਾ ਲਓ, ਤੁਸੀਂ ਸਾਡੇ ਲਈ ਗਾਡ ਹੋ।

ਰੋਕਸ : ਮੈਂ ਜਾ ਰਿਹਾਂ। (ਰੋਕਸ ਚਲਾ ਜਾਂਦਾ ਹੈ)

ਪਾਸਚਰ : (ਪਰੇਸ਼ਾਨੀ ਵਿੱਚ) ਰੋਕਸ ਰੋਕਸ, ਰੁੱਕ ਜਾਓ... (ਔਰਤ ਨੂੰ) ਤੁਸੀਂ ਅੱਜ ਸ਼ਾਮ ਪੰਜ ਵਜੇ ਫਿਰ ਆਉਣਾ।

ਔਰਤ : ਤੁਸੀਂ ਤਾਂ ਇਥੇ ਹੀ ਹੋਵੋਗੇ ਨਾ? ਤੁਹਾਡੇ ਤੋਂ ਬਿਨਾਂ ਕੋਈ ਆਸ ਨਹੀਂ।

ਪਾਸਚਰ : ਹਾਂ, ਮੈਂ ਇੱਥੇ ਹੀ ਹੋਵਾਂਗਾ (ਔਰਤ ਅਤੇ ਜੋਸਫ਼ ਦੁੱਖੀ ਹਾਲਤ ਵਿੱਚ ਚਲੇ ਜਾਂਦੇ ਹਨ)

ਰੋਕਸ ਤਕਨੀਕੀ ਤੌਰ 'ਤੇ ਠੀਕ ਸੀ। ਪਰ... ਉਹਨੇ ਜੋਸਫ਼ ਦੀ ਮਾਂ ਦੀਆਂ ਅੱਖਾਂ 'ਚ ਆਏ ਹੰਝੂ ਨਹੀਂ ਸੀ ਵੇਖੇ। (ਸੋਚਦਾ ਹੋਇਆ) ਮੈਨੂੰ ਡਾਕਟਰ ਗਰੈਂਚਰ ਕੋਲ ਜਾਣਾ ਚਾਹੀਦੈ। ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਅੱਜ ਸ਼ਾਮ ਪੰਜ ਵਜੇ ਇਥੇ ਜ਼ਰੂਰ ਆਉਣ।

(ਰੋਸ਼ਨੀ ਬੁੱਝਣ ਉਪਰੰਤ ਉਸੇ ਥਾਂ ਤੇ ਦੁਬਾਰਾ ਪੈਂਦੀ ਹੈ)

ਪਾਸਚਰ : ਥੈਂਕ ਗਾਡ, ਡਾ. ਗਰੈਂਚਰ ਆਉਣ ਲਈ ਮੰਨ ਗਿਆ, ਪੰਜ ਵਜੇ ਤੱਕ ਪਹੁੰਚਣ ਦਾ ਪਰੋਮਿਸ ਕੀਤੈ... ਵੇਟ ਕਰਨੀ ਬੜੀ ਮੁਸ਼ਕਲ ਏ.. ਇੰਨਾ ਨਰਵਸ ਮੈਂ ਪਹਿਲਾਂ ਕਦੇ ਨਹੀਂ ਸੀ ਹੋਇਆ।... ਕਾਸ਼! ਮੈਂ ਡਾਕਟਰ ਹੁੰਦਾ, ਡਾਕਟਰ ਹੀ ਤਾਂ ਕਾਨੂੰਨੀ ਤੌਰ 'ਤੇ ਇਲਾਜ ਕਰਨ ਦਾ ਅਧਿਕਾਰ ਰੱਖਦੈ, ਭਾਵੇਂ ਖੋਜ ਮੇਰੀ ਹੀ ਹੈ।

(ਡਾਕਟਰ ਗਰੈਂਚਰ ਆਉਂਦਾ ਹੈ)

ਆ ਗਏ ਡਾਕਟਰ, ਸੋ ਮੈਨੀ ਥੈਂਕਸ ਡਾਕਟਰ ਗਰੈਂਚਰ।

ਡਾ. ਗਰੈਂਚਰ : ਤਾਂ ਫਿਰ ਤੁਸੀਂ ਕਹਿੰਦੇ ਹੋ ਜੋਸਫ਼ ਚੋਦਾਂ ਥਾਵਾਂ ਤੋਂ ਕੱਟਿਆ ਗਿਐ ਉਹਦੇ ਬਚਣ ਦੀ ਕੋਈ ਆਸ ਨਹੀਂ... ਤੇ ਸ਼ਾਇਦ ਤੁਹਾਡੇ ਇਲਾਜ ਨਾਲ ਬਚ ਜਾਏ। ਕੋਈ ਰਿਸਕ ਨਹੀਂ, ਮੈਂ ਇੰਜੈਕਸ਼ਨ ਲਾਵਾਂਗਾ।

ਪਾਸਚਰ : ਥੈਂਕਸ ਡਾਕਟਰ ਥੈਂਕਸ (ਔਰਤ ਅਤੇ ਜੋਸਫ਼ ਆਉਂਦੇ ਹਨ) ਦੋਵੇਂ



ਆ ਗਏ ਨੇ। ਚੌਦਾਂ ਦਿਨ ਪੁਰਾਣੇ ਮੈਡੂਲਾ ਦਾ ਇੰਜੈਕਸ਼ਨ ਲਾ ਦਿਓ ਪਲੀਜ਼ ਡਾਕਟਰ।

ਡਾ. ਗਰੈਂਚਰ : ਡੌਂਟ ਵਰੀ ਪਾਸਚਰ, ਇੱਕ ਦਿਨ 'ਚ ਇੱਕ ਇੰਜੈਕਸ਼ਨ ਲਗੇਗਾ।

ਪਾਸਚਰ : ਡਾਕਟਰ ਸਰ, ਦਸ ਦਿਨ ਵਿੱਚ ਬਾਰਾਂ ਇੰਜੈਕਸ਼ਨ ਲਾ ਦਿਓ।

ਡਾ. ਗਰੈਚਰ : (ਸੋਚਣ ਬਾਅਦ) ਓ.ਕੇ. (ਜੋਸਫ਼ ਦੇ ਟੀਕਾ ਲਗਾਉਂਦਾ ਹੈ)

ਪਾਸਚਰ : (ਪਰੇਸ਼ਾਨੀ ਵਿੱਚ) ਇੰਜ ਜਾਪਦੈ ਹਲਕਾਅ ਦੇ ਜਰਮ ਮੇਰੇ ਦਿਮਾਗ 'ਚ ਐਂਟਰ ਕਰ ਰਹੇ ਨੇ।

ਡਾ. ਗਰੈਂਚਰ : ਪੇਸ਼ੈਨਸ, ਪਾਸਚਰ ਪੇਸ਼ੈਨਸ। ਸਭ ਠੀਕ ਹੋਵੇਗਾ, ਆਲਰਾਈਟ। (ਰੋਸ਼ਨੀ ਬੁੱਝਦੀ ਹੈ ਅਤੇ ਮੰਚ ਤੇ ਦੁਬਾਰਾ ਪੈਂਦੀ ਹੈ)

1\. ਕੀ ਜੋਸਫ਼ ਠੀਕ ਹੋ ਗਿਆ?

2\. ਕਈ ਹਫਤੇ ਲੰਘ ਗਏ, ਜੋਸਫ ਠੀਕ ਹੀ ਰਿਹਾ। ਪਹਿਲਾਂ 350 ਲੋਕ ਆਏ ਸਭ ਬਚ ਗਏ। ਅਗਲੇ ਸਾਲ 200 ਹਲਕਾਅ ਦੇ ਕੇਸ ਆਏ, ਉਨ੍ਹਾਂ ਨੂੰ ਵੀ ਨਹੀਂ ਜ਼ਿੰਦਗੀ ਮਿਲੀ। ਪਾਸਚਰ ਦੀ ਸਾਲਾਂ ਬੱਧੀ ਮਿਹਨਤ ਦੀ ਪੂਰੀ ਦੁਨੀਆ ਵਿੱਚ ਗੂੰਜ ਸੁਣਾਈ ਦਿੱਤੀ। ਇੱਕ ਦਿਨ ਉਸ ਦਾ ਅਸਿਸਟੈਂਟ ਰੋਕਸ ਉਹਦੇ ਪਾਸ ਫਿਰ ਆ ਗਿਆ।

(ਰੋਸ਼ਨੀ ਬੁੱਝਣ ਉਪ੍ਰੰਤ ਮੰਚ ਦੇ ਵਿਚਕਾਰ ਪੈਂਦੀ ਹੈ, ਪਸਚਰ ਨਜ਼ਰੀਂ ਆਉਂਦਾ ਹੈ)

ਪਾਸਚਰ : (ਆਪਣੇ ਆਪ ਵਿੱਚ) ਆਈ ਐਮ ਸੋ ਹੈਪੀ, ਮਾਈ ਟਰੀਟਮੈਂਟ ਵਰਕਸ। ਆਖਰ 1886 ਵਿੱਚ ਮੈਨੂੰ ਸਫ਼ਲਤਾ ਮਿਲ ਹੀ ਗਈ। (ਰੋਕਸ ਆਉਂਦਾ ਹੈ)

ਰੋਕਸ : ਪਾਸਚਰ, ਵਟ ਏ ਹੈਪੀ ਨਿਊਜ਼। ਮੈਂ ਬਹੁਤ ਖੁਸ਼ ਹਾਂ। ਕਾਸ਼! ਮੈਂ ਛੱਡ ਕੇ ਨਾ ਜਾਂਦਾ। ਆਈ ਐਮ ਸੋ ਸੋਰੀ।

ਪਾਸਚਰ : ਤੂੰ ਜੋ ਕੀਤਾ, ਆਪਣੇ ਪੱਖ ਤੋਂ ਠੀਕ ਕੀਤਾ। ਤੇਰੇ ਬਿਨਾਂ ਪਰੇਸ਼ਾਨੀ 'ਚ ਮੈਨੂੰ ਕਈ ਵਾਰ ਚੱਕਰ ਆਏ। ਚੰਗਾ ਹੋਇਆ ਤੂੰ ਆ ਗਿਐਂ, ਲੈਬ 'ਚ ਤੇਰੀ ਸੀਟ ਤੇਰੀ ਵੇਟ ਕਰ ਰਹੀ ਏ। ਅਜੇ ਹੋਰ ਬਹੁਤ ਕੁੱਝ ਕਰਨ ਵਾਲਾ ਬਾਕੀ ਏ।

ਰੋਕਸ : ਥੈਂਕ ਯੂ ਪਾਸਚਰ, ਥੈਂਕ ਯੂ।

ਪਾਸਚਰ : ਆਓ, ਲੈਬ 'ਚ ਚਲੀਏ (ਦੋਵੇਂ ਜਾਂਦੇ ਹਨ)

(ਰੋਸ਼ਨੀ ਬੁੱਝਣ ਉਪਰੰਤ ਇਸੇ ਥਾਂ ਤੇ ਹੀ ਪੈਂਦੀ ਹੈ)

ਪਾਸਚਰ : (ਖੁਸ਼ੀ ਭਰੇ ਅੰਦਾਜ਼ ਵਿੱਚ ਹੱਥ 'ਚ ਫੜੀ ਸ਼ੀਸ਼ੀ ਵਿਖਾਉਂਦਾ ਹੋਇਆ) ਆਹ ਜਿਹੜੀ ਦਵਾਈ ਮੈਂ ਤਿਆਰ ਕੀਤੀ ਏ, ਇਹ ਮਨੁੱਖੀ ਸਰੀਰ ਨੂੰ ਇੰਨੀ ਐਨਰਜ਼ੀ ਦੇਵੇਗੀ ਕਿ ਮਨੁੱਖ ਨੂੰ ਸੌ ਸਾਲ ਤੱਕ ਪ੍ਰਵਾਹ ਨਹੀਂ (ਪਾਸਚਰ ਨੂੰ ਚੱਕਰ ਆ ਜਾਂਦਾ ਹੈ) ਉਫ... ਮੈਨੂੰ ਚੱਕਰ... ਰੋਕਸ... ਰੋ...ਕਸ...

(ਜ਼ਮੀਨ 'ਤੇ ਡਿੱਗ ਪੈਂਦਾ ਹੈ)

ਰੋਕਸ : (ਰੋਣ ਹਾਕੀ ਹਾਲਤ ਵਿੱਚ) ਪਾਸਚਰ .... ਪਾਸਚਰ... ਓ. ਗਰੇਟ ਪਾਸਚਰ.... ਤੂੰ ਇਸ ਸੰਸਾਰ ਨੂੰ 1895 ਵਿੱਚ ਹੀ... (ਰੋਕਸ, ਪਾਸਚਰ ਦੇ ਹੱਥ ਨੂੰ ਚੁੰਮਦਾ ਹੈ ਅਤੇ ਫੁੱਟ ਫੁੱਟ ਕੇ ਰੋ ਪੈਂਦਾ ਹੈ।

ਪਿੱਛੋਂ ਗੀਤ ਦੀ ਆਵਾਜ਼ : ਸਾਇੰਸਦਾਨ ਨੇ ਦਾਨ ਦਿੱਤਾ,
ਜਾਨ ਦੀ ਕੀਤੀ ਨਹੀਂ ਪਰਵਾਹ।
ਲੋਕਾਂ ਦੀ ਹੋਣੀ ਬਦਲ ਕੇ,
ਯੁੱਗ ਸਾਇੰਸ ਦਾ ਦਿੱਤਾ ਵਿਖਾ।
ਯੁੱਗ ਸਾਇੰਸ ਦਾ...

(ਹਨੇਰਾ ਹੋ ਜਾਂਦਾ ਹੈ)

◆◆◆



# ਕਹਾਣੀ/ਮਿੰਨੀ ਕਹਾਣੀਆਂ

## ਹੀਰੋ

**ਕਰਮਵੀਰ ਸਿੰਘ ਸੂਰੀ**



ਉਹ ਇਕ ਪ੍ਰਾਈਵੇਟ ਫਰਮ ਦਾ ਮਾਲਕ ਹੈ। ਮੈਂ ਉਸ ਕੋਲ ਕਿਸੇ ਕੰਮ ਬੈਠਾ ਹਾਂ। ਇੰਨੇ ਨੂੰ ਉਸ ਦਾ ਇਕ ਕਰਮਚਾਰੀ ਆਉਂਦਾ ਹੈ। ਬਹੁਤ ਹੀ ਤਰਲੇ-ਮਿੰਨਤ ਦੀ ਭਾਵਨਾ ਨਾਲ ਉਸ ਨੂੰ ਆਪਣੇ ਬੱਚੇ ਦੀ ਬਿਮਾਰੀ ਬਾਰੇ ਦਸਦਾ ਹੈ। ਕੁਝ ਪੈਸਿਆਂ ਦੀ ਮੰਗ ਕਰਦਾ ਹੈ। ਮਹੀਨਾ ਖਤਮ ਹੋਣ 'ਚ ਅਜੇ ਪੰਦਰਾਂ ਦਿਨ ਪਏ ਹਨ। ਮਾਲਕ ਕਹਿੰਦਾ ਹੈ 'ਕੈਸ਼ੀਅਰ ਕੋਲੋਂ ਜਾ ਕੇ ਲੈ ਲੈ। ਮੈਂ ਉਸ ਨੂੰ ਟੈਲੀਕਾਮ ਤੇ ਆਖ ਦੇਂਦਾ ਹਾਂ।" ਉਹ ਪੂਰੇ ਯਕੀਨ ਨਾਲ ਚਲਾ ਗਿਆ। ਮੈਂ ਉਸ ਦੀ ਆਪਣੇ ਕਰਮਚਾਰੀਆਂ ਪ੍ਰਤੀ ਹਮਦਰਦੀ ਤੇ ਮਿਹਰਬਾਨੀ ਦੇਖ ਕੇ ਪ੍ਰਸੰਨ ਹੋ ਗਿਆ। ਮੈਨੂੰ ਉਹ ਇਕ ਫੱਲ-ਭਰਪੂਰ, ਝੁਕੀ-ਟਾਹਣੀ ਦੀ ਨਿਆਈਂ ਜਾਪਿਆ। ਕਿਉਂਕਿ ਜੇ ਕਾਮਾ ਖੁਸ਼ ਹੋਵੇਗਾ, ਤਾਂ ਹੀ ਮਾਲਕ ਖੁਸ਼ ਹੋ ਸਕੇਗਾ। ਉਸ ਦੇ ਦਰਵਾਜ਼ੇ ਤੋਂ ਬਾਹਰ ਜਾਣ ਦੀ ਹੀ ਦੇਰ ਸੀ ਕਿ ਉਹਨੇ ਕੈਸ਼ੀਅਰ ਨੂੰ ਟੈਲੀਕਾਮ ਤੇ ਕਿਹਾ "ਉਹ ਤੇਰੇ ਕੋਲ ਆਵੇ ਤਾਂ ਪੈਸੇ ਬਿਲਕੁਲ ਨਹੀਂ ਦੇਣੇ। ਕੱਲ੍ਹ ਤੇ ਟਾਲ ਦੇਈਂ। ਇਸ ਦਾ ਹਰ ਮਹੀਨੇ ਦਾ ਹੀ ਕੰਮ ਹੋ ਗਿਐ, ਐਡਵਾਂਸ ਮੰਗਣ ਦਾ। ਇਸ ਦਾ ਕਦੀ ਕੋਈ ਬਿਮਾਰ ਹੁੰਦੈ, ਕਦੀ ਕੋਈ। ਪੂਰਾ ਬਹਾਨੇਬਾਜ਼ ਹੈ ਸਹੁਰਾ।"

ਉਸ ਕੋਲੋਂ ਬਾਹਰ ਆ ਕੇ ਮੈਂ ਖੁਦਬਖੁਦ ਹੀਰੋ ਅਤੇ ਐਂਟੀ-ਹੀਰੋ ਦੇ ਅਰਥ ਕੱਢਣ ਲੱਗਾ।

**ਸੰਪਰਕ** : 855580013

◆◆◆

## ਜੰਜਾਲ

**ਡਾ. ਕਰਮਜੀਤ ਸਿੰਘ ਨਡਾਲਾ**



ਮਿੱਤਰੋ ਮਰ ਗਈ ਸੀ। ਆਂਢ-ਗੁਆਂਢ ਤੋਂ ਕੋਈ ਆਉਂਦਾ ਤਾਂ ਭੁੰਜੇ ਪਈ ਲਾਸ਼ ਲਾਗੇ ਚੁੱਪ-ਚੁਪੀਤਾ ਬੈਠ ਜਾਂਦਾ।

ਕੋਈ ਰੋ ਨਹੀਂ ਸੀ ਰਿਹਾ। ਕੋਈ ਵੈਣ ਨਹੀਂ ਸੀ ਪਾ ਰਿਹਾ। ਨਾਲੇ ਮਿੱਤਰੋ ਲਈ ਦੁਹੱਥੜੇ ਮਾਰ-ਮਾਰ ਰੋਣਾ ਕਿਸਨੇ ਸੀ। ਬਸ ਬੈਠੇ ਲੋਕਾਂ ਦੇ ਮੂੰਹੋਂ ਇਹੋ ਹੀ ਬੋਲ ਨਿਕਲਦੇ। ਚੰਗਾ ਹੋਇਆ, ਰੱਬ ਨੇ ਇਹਦੇ 'ਤੇ ਪਰਦਾ ਪਾ ਦਿੱਤਾ।

ਘੜੀ-ਪਲ੍ਹਾਂ 'ਚ ਹੀ ਉਹਨੂੰ ਫੱਟੇ 'ਤੇ ਪਾ ਕੇ ਸਿਵਿਆਂ 'ਚ ਲੈ ਤੁਰੇ। ਦੂਰੋਂ ਦੇਖਿਆ ਐਂ ਜਾਪੇ ਜਿਵੇਂ 'ਕੱਲੀ ਲਾਸ਼ ਹੀ ਚੌਂਹ ਮੋਢਿਆਂ 'ਤੇ ਤੁਰੀ ਜਾ ਰਹੀ ਹੋਵੇ। ਲੋਕਾਂ ਦਾ ਲੰਬਾ ਹਜੂਮ ਪਿੱਛੇ ਹੈਗੀ ਕਿੱਥੇ ਸੀ। ਬਸ ਵਿਰਲੇ-ਟਾਂਵੇ ਜਿਹੇ। ਜਿਵੇਂ ਸਸਕਾਰ ਕਰਨ ਨਹੀਂ, ਲਾਸ਼ ਸੁੱਟਣ ਲਈ ਦੌੜੇ ਜਾ ਰਹੇ ਹੋਣ।

ਮਿੱਤਰੋ ਦੀ ਲਾਸ਼ ਸਮਸ਼ਾਨ ਘਾਟ ਦੇ ਥੜ੍ਹੇ 'ਤੇ ਲਿਆ ਧਰੀ। ਉਸ ਦਾ ਸਰੀਰ ਹੈ ਕਿੰਨਾ ਕੁ ਸੀ। ਮੁੱਠੀ ਭਰ। ਬਸ ਜਿਵੇਂ ਸੁੱਕ ਕੇ ਤਵੀਤੜੀ ਜਿਹੀ ਬਣਕੇ ਰਹਿ ਗਈ ਸੀ। ਜਦੋਂ ਕਦੇ ਵਿਆਹੀ ਆਈ ਸੀ, ਰੱਜ ਕੇ ਸੋਹਣੀ ਤੇ ਹੱਥ ਲਾਇਆ ਮੈਲੀ ਹੁੰਦੀ ਸੀ। ਉਸ ਚਾਰ ਪੁੱਤਰ ਜੰਮ ਕੇ ਘਰ ਭਰ ਦਿੱਤਾ ਸੀ। ਫਿਰ ਪਤਾ ਨਹੀਂ ਕੀ ਹੋਇਆ, ਉਸ ਦਾ ਘਰਵਾਲਾ ਗਾਮਾਂ ਕਿਹੜੇ ਵੇਲੇ ਨਸ਼ਿਆਂ ਦੀ ਭੈੜੀ ਇੱਲਤ ਲਾ ਬੈਠਾ। ਸੋਹਣੀ ਘਰਵਾਲੀ ਤੇ ਚਾਰ ਪੁੱਤਰ ਹੋਣ ਦੇ ਬਾਵਜੂਦ ਘਰ 'ਚ ਹੇਠਲੀ-ਉੱਪਰ ਆ ਗਈ ਸੀ। ਬਥੇਰਿਆਂ ਬਥੇਰਾ ਸਮਝਾਇਆ। ਪਰ ਆਖ਼ਰ ਗਾਮੇ ਨੇ ਮੁੱਕ ਕੇ ਹੀ ਸਾਹ ਲਿਆ। ਫੇਰ ਮੁੰਡੇ ਜਿਉਂ-ਜਿਉਂ ਵੱਡੇ ਹੁੰਦੇ ਗਏ, ਉਹ ਵੀ ਪਿਉ ਦੀ ਲੀਕੇ ਹੀ ਚਲ ਪਏ। ਵੱਡੇ ਨੂੰ ਨਸ਼ਿਆਂ ਦੀ ਲਤ ਲੱਗੀ। ਫੇਰ ਦੂਜਾ, ਫੇਰ ਤੀਜਾ। ਪਰ ਮੁੰਡਿਆਂ ਨੇ ਵੀ ਪਿਉ ਵਾਂਗੂੰ ਉਹਦੇ ਹੱਥ ਖੜ੍ਹੇ ਕਰਵਾਅ ਕੇ ਹੀ ਛੱਡੇ। ਇੱਕ-ਇੱਕ ਕਰਕੇ ਪਹਿਲੇ ਤਿੰਨ ਤਾਂ ਇਸ ਜਹਾਨੋਂ ਤੁਰਦੇ ਬਣੇ।

ਘਰ 'ਚ ਤਾਂ ਕੁਝ ਵੀ ਨਹੀਂ ਸੀ ਰਹਿ ਗਿਆ। ਤੇ ਫਿਰ ਉਹਦੇ 'ਚ ਵੀ ਕੱਖ ਨਾ ਰਿਹਾ। ਬਸ ਇਕ ਚੌਥਾ ਨਾਮਾਂ ਅਜੇ ਜਿਉਂਦਾ ਸੀ। ਬਸ ਜਿਉਂਦਾ ਹੀ ਸੀ। ਤੇ ਹੁਣ ਮਰੀ ਮਾਂ ਦੇ ਸਿਰ 'ਤੇ ਖੜ੍ਹਾ ਕੰਬ ਰਿਹਾ ਸੀ।

ਆਲੇ-ਦੁਆਲੇ ਖੜ੍ਹੇ ਪੰਜ-ਸੱਤ ਜਣੇ, ਮਿੱਤਰੋ ਦੇ ਪੈਰਾਂ ਵੱਲ ਦਸ-ਪੰਜ ਰੁਪਈਆਂ ਦਾ ਮੱਥਾ ਟੇਕਣ ਲੱਗ ਪਏ। ਲੋਕ ਨਾਮੇ ਨੂੰ ਕੁਝ ਕਹਿ ਰਹੇ ਪਰ ਉਹਦੇ ਤਾਂ ਸਰੀਰ ਨੂੰ ਤੋੜਾ ਖੋਹੀ ਜਿਹੀ ਲੱਗੀ ਹੋਈ। ਉਸ ਦੀ ਬਿਰਤੀ ਸਾਹਮਣੇ ਪੈਰਾਂ ਵੱਲ ਪਏ ਪੈਸਿਆਂ ਵੱਲ ਲੱਗੀ ਹੋਈ। ਫਿਰ ਅਚਾਨਕ ਪਤਾ ਨਹੀਂ ਕੀ ਹੋਇਆ ਉਸ ਅੱਗੇ ਵੱਧ ਕੇ ਪੈਸਿਆਂ ਨੂੰ ਮੁੱਠ 'ਚ ਘੁੱਟ ਲਿਆ।

'ਰੁਕੋ ਜਰਾ... ਮੈਨੂੰ ਇੱਕ ਕੰਮ ਚੇਤੇ ਆਇਐ...।' ਏਨਾ ਕਹਿੰਦਿਆਂ ਹੀ ਉਹ ਛੂਟ ਵੱਟਕੇ ਅੱਡੇ ਵੱਲ ਨੂੰ ਦੌੜ ਪਿਆ। ਨਸ਼ਾ ਖਰੀਦਿਆ ਤੇ ਖਾ ਕੇ ਉਤੇ ਹੀ ਕਿਤੇ ਟੇਢਾ ਹੋ ਗਿਆ।

ਦੁਪਹਿਰ ਢੱਲ ਗਈ ਸੀ। ਲੋਕ ਮਿੱਤਰੋ ਨੂੰ ਚਿਤਾ 'ਤੇ ਲਿਟਾਈ ਲਾਂਬੂ ਲਾਉਣ ਲਈ ਅਜੇ ਵੀ ਉਸ ਦਾ ਰਾਹ ਦੇਖ ਰਹੇ ਸਨ।

**ਵਾਲੀਆ ਹਸਪਤਾਲ**
**ਨਡਾਲਾ (ਕਪੂਰਥਲਾ)**
**ਸੰਪਰਕ : 98151-86532**

◆◆◆



# ਜਿਉਂਦੀ ਰਹੇ ਪ੍ਰੇਤ

**- ਚੰਨੀ ਚਹਿਲ**

ਰਾਣੋ ਨੇ ਅੱਜ ਸਾਰੇ ਘਰ ਦਾ ਕੰਮ ਮਿੰਟਾਂ ਵਿੱਚ ਮੁਕਾ ਦਿੱਤਾ। ਉਸ ਦੇ ਪਤੀ ਦੀ ਹੈਰਾਨੀ ਦੀ ਹੱਦ ਹੋ ਗਈ ਸੀ ਕਿ ਇਹ ਤਾਂ ਸਾਰਾ ਦਿਨ ਲੱਤਾਂ, ਬਾਹਾਂ ਦੁਖਣ ਦੇ ਗੀਤ ਗਾਉਂਦੀ ਰਹਿੰਦੀ ਹੈ ਤੇ ਸਾਰਾ ਦਿਨ ਕੰਮ ਲਟਕਾਈ ਰੱਖਦੀ ਹੈ ਪਰ ਅੱਜ ਚਮਤਕਾਰ ਕਿਵੇਂ। ਪਰ ਉਸ ਨੇ ਆਪਣਾ ਟਿਫਨ ਚੁੱਕਿਆ ਤੇ ਦਫ਼ਤਰ ਲਈ ਚਲਾ ਗਿਆ। ਰਾਣੋ ਤਾਂ ਬੱਸ ਉਸ ਦੇ ਜਾਣ ਦੇ ਇੰਤਜ਼ਾਰ ਵਿੱਚ ਸੀ। ਝੱਟ ਕੱਪੜੇ ਬਦਲੇ, ਪੈਸੇ ਚੁੰਨੀ ਦੇ ਲੜ ਨਾਲ ਬੰਨ੍ਹੇ ਤੇ ਗਵਿੰਦੀ ਦੇ ਘਰ ਤੁਰ ਪਈ। ਅੱਗੇ ਉਹ ਵੀ ਤਿਆਰ ਬੈਠੀ ਸੀ। ਦੋਨਾਂ ਨੇ ਵੀਰਵਾਰ ਦੀ ਚੌਂਕੀ ਭਰਨ ਪਿੱਪਲੀ ਵਾਲੇ ਬਾਬੇ ਦੇ ਡੇਰੇ ਜਾਣਾ ਸੀ। ਉਹ ਹੌਲੀ-ਹੌਲੀ ਡੇਰੇ ਪਹੁੰਚ ਗਈਆਂ।

ਇੱਕ ਡਰਾਵਣੀ ਜਿਹੀ ਸ਼ਕਲ, ਕਾਲਾ ਰੰਗ, ਉੱਚਾ-ਲੰਮਾ ਕੱਦ ਤੇ ਲਾਲ ਅੱਖਾਂ ਵਾਲਾ ਇਨਸਾਨ ਧੂਣੇ ਦੇ ਕੋਲ ਬੈਠਾ ਸੀ। ਆਸੇ-ਪਾਸੇ ਲੋਕਾਂ ਦਾ ਇਕੱਠ ਸੀ। ਲੋਕਾਂ ਦੇ ਇਕੱਠ ਵਿੱਚੋਂ ਕੱਲਾ-ਕੱਲਾ ਆਦਮੀ ਆਉਂਦਾ। ਬਾਬੇ ਦੇ ਲਾਗੇ ਬੈਠ ਕੇ ਆਪਣੀ ਸਮੱਸਿਆ ਦੱਸਦਾ, ਉਪਾਅ ਪੁੱਛਦਾ ਤੇ ਮੱਥਾ ਟੇਕ ਕੇ ਚਲਾ ਜਾਂਦਾ। ਗਵਿੰਦੀ ਤੇ ਰਾਣੋ ਆਪਣੀ ਵਾਰੀ ਦਾ ਇੰਤਜ਼ਾਰ ਕਰਨ ਲੱਗੀਆਂ ਤੇ ਅਖੀਰ ਵਾਰੀ ਆ ਗਈ। ਉਹ ਬਾਬੇ ਦੇ ਲਾਗੇ ਬੈਠ ਗਈਆਂ।

ਗਵਿੰਦੀ ਹੱਥ ਜੋੜ ਕੇ ਬੋਲੀ, "ਬਾਬਾ ਜੀ, ਇਹ ਮੇਰੀ ਭੈਣ ਏ, ਬੜੀ ਦੁਖੀ ਏ, ਦੁੱਖ ਹਰਨ ਕਰੋ ਵਿਚਾਰੀ ਦੇ।"

"ਕੀ ਦੁੱਖ ਏ ਬੱਚਾ?" ਸਾਧੂ ਨੇ ਕੜਕਦੀ ਆਵਾਜ਼ 'ਚ ਪੁੱਛਿਆ।

"ਬਾਬਾ ਜੀ ਕਮਾਈ 'ਚ ਬਰਕਤ ਹੀ ਨਹੀਂ ਰਹੀ, ਚਾਰ ਸਾਲ ਹੋ ਗਏ ਬੁਰਾ ਹਾਲ ਹੋਇਆ ਪਿਆ ਏ। ਤਿੰਨ ਸਾਲਾਂ ਦੇ ਦੋ ਜੁੜਵਾ ਬੱਚੇ ਨੇ। ਅੱਗੇ ਕੀ ਬਣੂੰ, ਇਹੀ ਝੋਰਾ ਖਾਈ ਜਾਂਦਾ। ਪਹਿਲਾਂ ਬੜਾ ਸੋਹਣਾ ਟਾਈਮ ਲੰਘਦਾ ਸੀ, ਬੱਸ ਚਾਰ ਸਾਲਾਂ ਤੋਂ...।' ਰਾਣੋ ਨੇ ਦੁੱਖੜਾ ਰੋਂਦਿਆਂ ਕਿਹਾ।

'ਤੇਰੇ ਸਿਰ ਬੀਬਾ ਪ੍ਰੇਤ ਦਾ ਸਾਇਆ ਏ। ਤੇਰੇ ਨਾਲ ਆਈ ਏ ਮੇਰੇ ਡੇਰੇ ਤੱਕ। ਅਹੁ ਤੇਰੇ ਲਾਗੇ ਬੈਠੀ ਏ। ਏਸੇ ਪ੍ਰੇਤ ਨੇ ਤੇਰੇ ਘਰ ਦਾ ਸੱਤਿਆਨਾਸ਼ ਕੀਤਾ ਹੋਇਆ ਏ।'

"ਬਾਬਾ! ਪ੍ਰੇਤ ਦਾ ਸਾਇਆ।" ਦੋਨੋਂ ਇਕੱਠੀਆਂ ਬੋਲੀਆਂ।

"ਨਾ ਹੋਰ ਆਪਣੇ-ਆਪ ਥੋੜ੍ਹਾ ਬਰਬਾਦ ਹੁੰਦੇ ਨੇ। ਇਹ ਸਾਰਾ ਇਸੇ ਪ੍ਰੇਤ ਦਾ ਖੇਡ ਰਚਾਇਆ ਹੋਇਆ ਏ। ਕਹਿੰਦੀ ਘਰ ਬਰਬਾਦ ਨਾ ਕਰਤਾ ਤਾਂ ਮੈਨੂੰ ਪ੍ਰੇਤ ਕਿਸਨੇ ਕਹਿਣਾ। ਚਲੋ ਹੁਣ ਤੁਸੀਂ ਸਹੀ ਟਾਈਮ ਤੇ ਆ ਗਈਆਂ। ਹੋਜੂ ਹੱਲ, ਪਰ ਰੁਪਈਆ ਪੂਰਾ ਪੰਜ ਹਜ਼ਾਰ ਲੱਗੂਗਾ ਪੱਕੇ ਇਲਾਜ ਤੇ ਜੇ ਟਾਲ ਮਟੋਲ...।"

"ਨਾ ਬਾਬਾ, ਟਾਲ ਮਟੋਲ ਦਾ ਕੀ ਕੰਮ, ਲਾਜ ਤਾਂ ਪੱਕਾ ਕਰਨਾ ਪਊ, ਪੈਸੇ ਕਿਸੇ

ਬੰਦੇ ਨਾਲੋਂ ਚੰਗੇ ਥੌੜਾ ਨੇ।" ਰਾਣੋ ਨੇ ਚੁੰਨੀ ਦੇ ਲੜੋਂ ਪੰਜ ਹਜ਼ਾਰ ਰੁਪਏ ਖੋਲ੍ਹ ਕੇ ਬਾਬੇ ਦੇ ਹੱਥ ਫੜਾਉਂਦਿਆਂ ਕਿਹਾ।

"ਚੰਗਾ ਬੱਚਾ, ਕੱਲ੍ਹ ਬਾਰਾਂ ਵਜੇ ਤੋਂ ਬਾਅਦ ਆ ਕੇ ਧਾਗਾ ਸੂਤਾ ਤੇ ਭਭੂਤੀ ਲੈ ਜਾਇਓ।"

"ਚੰਗਾ ਬਾਬਾ ਜੀ", ਮੱਥਾ ਟੇਕ ਕੇ ਦੋਨੋਂ ਚਲੀਆਂ ਗਈਆਂ।

ਉਹ ਤਾਂ ਚਲੀਆਂ ਗਈਆਂ ਪਰ ਬਾਬਾ ਟਿਕਟਿਕੀ ਲਗਾ ਕੇ ਪੈਸਿਆਂ ਵੱਲ ਦੇਖਦਾ ਸੋਚਣ ਲੱਗਾ ਕਿ ਸਾਡੇ ਦੇਸ਼ ਦੇ ਮੰਤਰੀ ਕਹਿੰਦੇ ਨੇ ਦੇਸ਼ ਨੇ ਤਰੱਕੀ ਕੀਤੀ ਐ। ਜਿੰਨਾ ਚਿਰ ਇਹੋ ਜਿਹੀਆਂ ਮੂੜ-ਮੱਤ ਵਾਲੀਆਂ ਬੀਬੀਆਂ ਦੇ ਦਿਮਾਗ ਤਰੱਕੀ ਨਹੀਂ ਕਰਦੇ, ਉਨਾ ਚਿਰ ਕਾਹਦੀ ਤਰੱਕੀ। ਫਿਰ ਲੱਚਰ ਜਿਹੀ ਹਾਸੀ ਹੱਸ ਕੇ ਸੋਚਿਆ ਕਿ ਸਾਨੂੰ ਸਾਇੰਸ ਦੀ ਤਰੱਕੀ ਦਾ ਕੀ ਫਾਇਦਾ, ਸਾਡੀ ਦੁਕਾਨਦਾਰੀ ਤਾਂ ਇਨ੍ਹਾਂ ਬੀਬੀਆਂ ਦੇ ਸਿਰ ਤੇ ਹੀ ਚੱਲਣੀ ਏ। ਇਨ੍ਹਾਂ ਨੂੰ ਕੋਈ ਦੱਸਣ ਵਾਲਾ ਹੋਵੇ ਕਿ ਚਾਰ ਸਾਲ ਪਹਿਲਾਂ ਖਰਚੇ ਘੱਟ ਸੀ, ਗੁਜ਼ਾਰਾ ਸੌਖਾ ਸੀ। ਹੁਣ ਘਰ ਦੇ ਜੀਅ ਦੋ ਤੋਂ ਚਾਰ ਹੋ ਗਏ। ਪਿਛਲੇ ਚਾਰ ਸਾਲਾਂ 'ਚ ਖਰਚੇ ਤਿੱਗਣੇ ਵੱਧ ਗਏ ਤੇ ਆਮਦਨ ਓਨੀ ਦੀ ਓਨੀ। ਫੇਰ ਕਿੱਥੋਂ ਬਰਕਤ ਹੋਊ? ਨਾਲੇ ਜਿੰਨਾ ਚਿਰ ਤੁਸੀਂ ਮਿਹਨਤ ਦੀ ਕਮਾਈ ਸਾਡੇ ਵਰਗੇ ਸਾਧਾਂ ਦੇ ਡੇਰੇ ਤੇ ਲੁਟਾਣੋਂ ਨਹੀਂ ਹੱਟਦੀਆਂ, ਬਰਕਤ ਬੀਬਾ ਸਾਡੇ ਗੱਲਿਆਂ 'ਚ ਹੋਊਗੀ, ਥੋਡੇ ਘਰਾਂ 'ਚ ਨਹੀਂ। ਫਿਰ ਅਸਮਾਨ ਵੱਲ ਮੂੰਹ ਚੁੱਕ ਕੇ, ਕਿਸੇ ਅਦ੍ਰਿਸ਼ ਚੀਜ਼ ਵੱਲ ਹੱਥ ਜੋੜ ਕੇ ਕਹਿੰਦਾ, "ਇਹ ਤਾਂ ਜਿਉਂਦੀ ਰਹੇ ਵਿਚਾਰੀ ਪ੍ਰੇਤ, ਜਿਸਦਾ ਨਾਂ ਲੈਂਦਿਆਂ ਹੀ ਲੋਕਾਂ ਦੀਆਂ ਕੰਬਣੀਆਂ ਛੁੱਟ ਜਾਂਦੀਆਂ ਨੇ ਤੇ ਮੂੰਹੋਂ ਮੰਗੇ ਪੈਸੇ ਦੇ ਦਿੰਦੇ ਨੇ ਮੈਨੂੰ। ਵਿਚਾਰੀ ਪ੍ਰੇਤ ਦਾ ਸੁਰਗਾਂ 'ਚ ਵਾਸਾ ਹੋਵੇ। ਮੇਰੀ ਰੋਜ਼ੀ-ਰੋਟੀ ਦਾ ਤਾਂ ਸਾਧਨ ਹੀ ਪ੍ਰੇਤ ਹੈ, ਜਿਸ ਦੇ ਆਸਰੇ ਮੈਂ ਗੱਡੀਆਂ 'ਚ ਘੁੰਮਦਾ।

ਬਾਬੇ ਨੇ ਪਰਨੇ ਨਾਲ ਮੂੰਹ ਤੋਂ ਪਸੀਨਾ ਪੂੰਝਿਆ, ਡੱਬ 'ਚੋਂ ਪਊਆ ਕੱਢਿਆ, ਉਸ ਗੜਵੇ 'ਚ ਪਾਇਆ ਜਿਸ 'ਚੋਂ ਲੋਕਾਂ ਨੂੰ ਚਲ ਪਿਆ ਰਿਹਾ ਸੀ। ਫਿਰ ਮੂੰਹ ਗੜਵੇ ਨੂੰ ਲਾ ਕੇ ਇੱਕੋ ਸਾਹੇ ਪੀ ਗਿਆ। ਟਪੂਸੀਆਂ ਮਾਰਦਾ ਗੱਲੇ ਨੂੰ ਜਿੰਦਰਾ ਲਾ ਕੇ ਕੁਟੀਆ ਤੋਂ ਬਾਹਰ ਚਲਾ ਗਿਆ।

**ਪਿੰਡ ਕਣਕਵਾਲ ਚਹਿਲਾਂ**
**ਡਾ. ਆਲਮਪੁਰ ਬੋਦਲਾ** - 151502
**ਤਹਿ. ਬੁਢਲਾਡਾ** (ਮਾਨਸਾ)

◆◆◆



# ਮੁਆਵਜ਼ਾ

**ਕੁਲਵਿੰਦਰ ਕੌਸ਼ਲ**

ਪਿਛਲੇ ਦਿਨੀਂ ਪਿੰਡ 'ਚ ਬਹੁਤ ਸਾਰੇ ਕਿਸਾਨਾਂ ਦੀ ਖੜ੍ਹੀ ਫਸਲ ਸੜ ਕੇ ਸੁਆਹ ਹੋ ਗਈ ਸੀ, ਜਿਸ ਕਰ ਕੇ ਪਿੰਡ ਵਿੱਚ ਨੇਤਾ ਜੀ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੁਆਵਜ਼ੇ ਦੀ ਰਕਮ ਵੰਡਣ ਆਏ ਹੋਏ ਸਨ। ਸਟੇਜ ਤੋਂ ਵਾਰੋ-ਵਾਰੀ ਕਿਸਾਨਾਂ ਦਾ ਨਾਂ ਬੋਲਿਆ ਜਾ ਰਿਹਾ ਸੀ। ਸਾਰੇ ਕਿਸਾਨ ਆਪਣੀ ਵਾਰੀ ਆਉਣ 'ਤੇ ਸਟੇਜ 'ਤੇ ਜਾਂਦੇ ਤੇ ਚੈੱਕ ਫੜ ਲਿਆਉਂਦੇ। ਚੈੱਕ ਦੀ ਰਕਮ ਦੇਖ ਉਨ੍ਹਾਂ ਦਾ ਦਿਲ ਬੈਠ ਜਾਂਦਾ। ਚੈੱਕ ਦੀ ਰਕਮ ਨਾਲ ਤਾਂ ਉਨ੍ਹਾਂ ਦੀ ਫਸਲ ਦੀ ਲਾਗਤ ਹੀ ਪੂਰੀ ਨਹੀਂ ਹੋਣੀ ਸੀ। ਕਬੀਲਦਾਰੀ ਤੇ ਪਹਿਲਾਂ ਲਏ ਹੋਰ ਕਰਜ਼ੇ ਬਾਰੇ ਸੋਚ ਉਨ੍ਹਾਂ ਦੇ ਚਿਹਰੇ ਹੋਰ ਗਹਿਰੀਆਂ ਚਿੰਤਾਵਾਂ ਨਾਲ ਭਰ ਜਾਂਦੇ।

'ਬਚਨ ਸਿੰਘ ਕਿੱਥੇ ਹੈ ਬਈ? ਉਹ ਵੀ ਲੈ ਜਾਵੇ ਆਪਣਾ ਚੈਕ।" ਸਟੇਜ ਤੋਂ ਆਵਾਜ਼ ਆਈ। ਉਹ ਤਾਂ ਜੀ ਮੋਟਰ 'ਤੇ ਫਾਹਾ ਲੈ ਕੇ ਮਰ ਗਿਆ। ਮਣਕੂ ਚੌਂਕੀਦਾਰ ਨੇ ਹਫਦੇ ਹੋਏ ਆ ਕੇ ਦੱਸਿਆ। ਚੌਂਕੀਦਾਰ ਦੀ ਗੱਲ ਸੁਣ ਸਾਰੇ ਬੈਠੇ ਲੋਕਾਂ 'ਚ ਘੁਸਰ-ਮੁਸਰ ਸ਼ੁਰੂ ਹੋ ਗਈ। ਦਿਆਲਾ ਬਾਬਾ ਉਠਦਾ ਹੋਇਆ ਬੋਲਿਆ, "ਮਰ ਤਾਂ ਬੇਚਾਰਾ ਉਸ ਦਿਨ ਹੀ ਗਿਆ ਸੀ ਜਿਸ ਦਿਨ ਫਸਲ ਸੜੀ ਸੀ, ਅੱਜ ਤਾਂ ਸਰੀਰ ਹੀ ਛੱਡਿਐ।"

"ਸਹੀ ਕਿਹਾ ਬਾਬਾ, ਅਗਲੇ ਮਹੀਨੇ ਧੀ ਦਾ ਵਿਆਹ ਧਰਿਆ ਸੀ, ਜ਼ਮੀਨ ਵੀ ਵਟਾਈ 'ਤੇ ਹੀ ਲਈ ਸੀ।" ਇੱਕ ਹੋਰ ਨੇ ਨਾਲ ਉਠਦੇ ਹੋਏ ਕਿਹਾ, "ਹੈਂਸ਼ਗਲ ਫਾਹਾ। ਸਰਕਾਰ ਮੁਆਵਜ਼ਾ ਤਾਂ ਦੇ ਰਹੀ ਸੀ।" ਕਹਿੰਦੇ ਹੋਏ ਨੇਤਾ ਜੀ ਵੀ ਸਟੇਜ ਤੋਂ ਉੱਤਰ ਗਏ।

ਕੁਝ ਦਿਨਾਂ ਬਾਅਦ ਬਚਨ ਸਿੰਘ ਦਾ ਪਰਵਾਰ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਨੂੰ ਮਿਲਣ ਵਾਲੇ ਮੁਆਵਜ਼ੇ ਲਈ ਦਫਤਰਾਂ ਦੇ ਚੱਕਰ ਲਗਾ ਰਿਹਾ ਸੀ।

**ਪਿੰਡ ਤੇ ਡਾਕ - ਪੰਜਗਰਾਈਆਂ**
**ਤਹਿ-ਧੂਰੀ** (ਸੰਗਰੂਰ)
**ਸੰਪਰਕ** : 94176-36255

◆◆◆

# ਸੀਰੀ

**ਰਣਜੀਤ ਆਜ਼ਾਦ ਕਾਂਝਲਾ**

... ਲਉ ਸਰਦਾਰ ਜੀ ਪਹਿਲੇ ਤੋੜ ਦੀ ਐ. ਬਹਿਜਾ...। ਬਹਿਜਾ ਕਰਾ ਦੂ...। ਕੇਰਾਂ ਸੰਘ 'ਚੋਂ ਉਤਰਣ ਦੀ ਦੇਰ ਐ...।' ਨੌਕਰ ਨੇ ਆਪਣੇ ਰੰਗੀਨ-ਮਿਜ਼ਾਜ ਸਰਦਾਰ ਦੇ ਹੱਥਾਂ ਵਿੱਚ ਤਾਜ਼ੀ ਕੱਢੀ ਰੂੜੀ-ਮਾਰਕਾ ਦਾ ਪੌਣਾ ਗਿਲਾਸ ਥਮਾਉਂਦਿਆਂ ਚਾਪਲੂਸੀ ਲਹਿਜ਼ੇ ਵਿੱਚ ਕਿਹਾ।

ਗੱਟ... ਗੱਟ... ਕਰਕੇ ਇੱਕੋ ਡੀਕ ਵਿੱਚ ਗਿਲਾਸ ਖਾਲੀ ਕਰਦਿਆਂ ਸਰਦਾਰ ਨੇ ਆਵਾਜ਼ ਕੱਢੀ, ਸੱਚੀਂ ਓਏ ਖੇਮਿਆਂ...। ਚੀਜ਼ ਨੰਬਰ ਇੱਕ ਐ...। ਸਰਦਾਰ ਨੂੰ ਕੁਝ ਲੋਰ

ਜਿਹਾ ਆ ਗਿਆ ਸੀ।

... ਮਖਿਆ... ਮਾਲਕੋ...। ਫੇਰ ਤੁਹਾਨੂੰ ਇਕ ਨਮੀਂ ਕਬੂਤਰੀ ਦੇ ਦਰਸ਼ਨ ਕਰਵਾ ਦੀਏ ਜੀ... ਉਹ ਆਪਣੇ ਜੀ ਵਿਹੜੇ ਵਾਲੇ ਗੇਜੇ ਦੇ ਮੁੰਡੇ ਜੁੱਗੀ ਦਾ ਤਾਜ਼ਾ-ਤਾਜ਼ਾ ਵਿਆਹ ਹੋਇਐ, ਉਹਦੀ ਵਹੁੱਟੀ ਕੀ ਐ ਪਟਾਕਾ...। ਨਿਰਾ... ਪਟਾਕੈ...। ਵੇਖ ਕੇ ਸਰਦਾਰ ਜੀ ਚਿੱਤ ਘਊ...। ਮਊ... ਕਰਨ ਲੱਗ ਜਾਂਦੈ...। ਨੌਕਰ ਕੂਲੀ ਜੀਵ ਨਾਲ ਸਰੂਰ ਵਿੱਚ ਆਇਆ ਕਹਿ ਰਿਹਾ ਸੀ।

'...ਅ...ਛ...ਛਾ...।' ਸਰਕਾਰ ਨੇ ਐਨਾ ਕਹਿੰਦਿਆਂ ਹੀ ਇੱਕ ਹੋਰ ਹਾੜਾ ਅੰਦਰ ਸੁਟਿਆ ਤੇ ਕਹਿਣ ਲੱਗਾ, ਐਤਕੀਂ ਫੇਰ ਜੁੱਗੀ ਨੂੰ ਸੀਰੀ (ਸਾਂਝੀ) ਰਲਾ ਲੈਂਦੇ ਆਂ, ਕਿਉਂ ਖੇਮਿਆ...। ਗੱਲ ਬਣੀ ਕੀ ਨਹੀਂ...। ਸਰਦਾਰ ਤੇ ਨੌਕਰ ਖਿੜ-ਖੜਾ ਕੇ ਹੱਸੇ ਤੇ ਪਤਾ ਹੀ ਨਾ ਲੱਗਿਆ, ਬਾਕੀ ਰਹਿੰਦੀ ਰੂੜੀ-ਮਾਰਕਾ ਬੋਤਲ ਕਦ ਖਾਲੀ ਕਰ ਕੇ ਵਗਾਹ ਮਾਰੀ।

**ਸ਼ਿਵਪੁਰੀ, ਧੂਰੀ (ਪੰਜਾਬ)**- 148024
**ਸੰਪਰਕ** : 094646-97781

◆◆◆

***ਕਹਾਣੀ***

# ਆਖ਼ਿਰ ਸੂਰਜ ਅਸਤ ਹੋ ਗਿਆ



ਆਹ ਬਈ ਵਰਿੰਦਰ ਸਿਆਂ ਕੀ ਹਾਲ ਐ? ਕੋਲ ਬੈਠੇ ਜੀਤਾ ਸਿਉਂ ਨੇ ਐਵੇਂ ਹੀ ਮਸ਼ਕਰੀ ਜਿਹੇ ਅੰਦਾਜ਼ ਵਿੱਚ ਪੁੱਛਿਆ। ਉੱਧਰ ਵਰਿੰਦਰ ਦੀ ਜ਼ੁਬਾਨ ਮਾਨੋ ਢੁੱਕ ਗਈ ਹੋਵੇ, ਪਰ ਅੱਖਾਂ ਵਿੱਚੋਂ ਤਿਪ-ਤਿਪ ਕਰਕੇ ਵਹਿੰਦਾ ਨੀਰ ਅਣਹੋਣੀ ਦਾਸਤਾਨ ਪੇਸ਼ ਕਰ ਰਿਹਾ ਸੀ। ਜੀਤਾ, ਵਰਿੰਦਰ ਦਾ ਦੋਸਤ ਸੀ ਜੋ ਲਾਗਲੇ ਪਿੰਡ ਦਾ ਵਿਦੇਸ਼ੀ ਐਨ.ਆਰ.ਆਈ. ਸੀ, ਜੋ ਕਾਫ਼ੀ ਸਮੇਂ ਬਾਅਦ ਮਿਲਿਆ ਸੀ ਵਰਿੰਦਰ ਨੂੰ, ਵਰਿੰਦਰ ਦਾ ਦੁੱਖ ਸੁਣ ਜੀਤਾ ਵੀ ਤ੍ਰਬਕ ਗਿਆ ਜਿਵੇਂ ਮਲਕੀਤ ਦੀਆਂ ਸਕੂਲੀ ਯਾਦਾਂ ਉਸ ਦੇ ਦਿਮਾਗ ਵਿੱਚ ਤਾਜ਼ਾ ਹੋ ਗਈਆਂ ਹੋਣ। ਮਲਕੀਤ, ਵਰਿੰਦਰ ਦਾ ਛੋਟਾ ਪਿਉ ਜਾਇਆ ਭਰਾ ਸੀ, ਜੋ ਹੁਣ ਇਹ ਜਹਾਨ ਵਿੱਚ ਨਹੀਂ ਸੀ।

ਵਰਦਿੰਰ ਖੇਤੀ ਕਰਨ ਵਾਲਾ ਸਿੱਧਾ-ਸਾਧਾ ਜੱਟ ਸੀ, ਜਿਸ ਕੋਲ ਪੇਟ ਭਰਨ ਤੱਕ ਹੀ ਸੀਮਿਤ ਜਿਹੀ ਚਾਰ ਕੁ ਕੁਨਾਲਾ ਭੋਇ ਸੀ, ਜਿਸ ਵਿੱਚੋਂ ਕੁਝ ਬੰਤੋ ਦੀ ਬਿਮਾਰੀ ਕਾਰਨ ਗਹਿਣੇ ਪਈ ਸੀ। ਬੰਤੋ, ਵਰਿੰਦਰ ਤੇ ਮਲਕੀਤ ਦੀ ਮਾਂ ਸੀ ਜਿਸ ਦੇ ਸਿਰ ਤੋਂ ਪਤੀ ਦਾ ਸਾਇਆ ਜਵਾਨੀ ਪਹਿਰੇ ਹੀ ਉੱਡ ਗਿਆ ਸੀ। ਬੰਤੋ ਨੇ ਆਪਣੇ ਪੁੱਤਰਾਂ ਨੂੰ ਆਪਣੀ ਇੱਜ਼ਤ ਆਬਰੂ ਤੇ ਕਾਇਮ ਰਹਿੰਦੇ ਹੋਏ, ਬੜੀਆਂ-ਪੀੜਾਂ-ਸਗੀੜਾਂ ਵਿੱਚੋਂ ਲੰਘਦੀ ਨੇ ਪਾਲਿਆ ਪੋਸਿਆ।



ਮਲਕੀਤ ਬੰਤੋ ਦਾ ਲਾਡਲਾ ਪੁੱਤਰ ਅਤੇ ਵਰਿੰਦਰ ਦੇ ਦਿਲ ਦਾ ਹਾਰ ਸੀ। ਵਰਿੰਦਰ ਨੇ ਆਪਣੇ ਸਿਰ ਤੇ ਧੁੱਪਾਂ ਛਾਵਾਂ ਕੱਟ ਕੇ ਆਪਣੇ ਭਰਾ ਨੂੰ ਮੈਟ੍ਰਿਕ ਅਤੇ ਜੇ.ਬੀ.ਟੀ. ਕਰਵਾਈ। ਮਲਕੀਤ ਆਪਣੇ ਲਾਗਲੇ ਪਿੰਡ ਵਿੱਚ ਪ੍ਰਾਈਵੇਟ ਪ੍ਰਾਇਮਰੀ ਸਕੂਲ ਵਿੱਚ ਬਤੌਰ ਜੇ.ਬੀ.ਟੀ. ਅਧਿਆਪਕ ਸੀ। ਮਲਕੀਤ ਦੇ ਨੌਕਰੀ ਤੇ ਲੱਗਣ ਨਾਲ ਮਾਨੋਂ ਸਾਰੇ ਘਰ ਦੀਆਂ ਸਾਰੀਆਂ ਖੁਸ਼ੀਆਂ ਹੀ ਵਾਪਸ ਆ ਗਈਆਂ ਹੋਣ।

ਵਰਿੰਦਰ ਆਪਣੇ ਪਿੰਡ ਤੋਂ ਦੋ ਕੁ ਪਿੰਡ ਛੱਡ ਕੇ ਪੈਂਦੇ ਪਿੰਡ ਚੱਕ ਬਾਈ ਕਾ ਵਿਖੇ ਵਿਆਹਿਆ ਸੀ। ਸਹੁਰੇ ਪਰਿਵਾਰ ਦੀ ਹਾਲਤ ਵਰਿੰਦਰ ਨਾਲੋਂ ਕੁਝ ਹੱਦ ਤੱਕ ਚੰਗੀ ਸੀ। ਇੱਕ ਦਿਨ ਵਰਿੰਦਰ ਜਦੋਂ ਖੇਤੋਂ ਥੱਕਿਆ ਟੁੱਟਿਆ ਘਰ ਪਰਤਿਆ ਤਾਂ ਉਸ ਦੇ ਕੰਨਾਂ ਵਿੱਚ ਵੀਰੂ ਸੁਲੱਖਣੀ ਦੇ ਉਹ ਬੋਲ ਕੰਨਾਂ ਵਿੱਚ ਗੂੰਜ ਰਹੇ ਸਨ ਕਿ ਕਿਉਂ ਭਾਈ ਕੀ ਮਲਕੀਤੇ ਨੂੰ ਘਰ ਦਾ ਲਾਣੇਦਾਰ ਹੀ ਰੱਖਣਾ ਹੈ। ਉਸ ਦਾ ਇਸ਼ਾਰਾ ਮਲਕੀਤੇ ਦੇ ਵਿਆਹ ਵੱਲ ਸੀ। ਲਾਣੇਦਾਰ ਪਿੰਡ ਦੇ ਛੜੇ (ਕੁਆਰੇ) ਬੰਦੇ ਨੂੰ ਕਹਿੰਦੇ ਹਨ।

ਵਰਿੰਦਰ ਨੇ ਸੌਣ ਲੱਗਿਆਂ ਜੀਤੋ ਨਾਲ ਆਪਣੀ ਛੋਟੀ ਸਾਲੀ ਦੀ ਗੱਲ ਕੀਤੀ, ਪਰ ਜੀਤੋ ਨੇ ਘਰ ਦੀਆਂ ਸਥਿਤੀਆਂ ਮਾੜੀਆਂ ਦੇਖਦੇ ਹੋਏ ਕੋਈ ਕੰਨਾਂ ਮੁੱਢ ਨਾ ਲਾਇਆ ਕਿਉਂਕਿ ਉਹ ਜਾਣਦੀ ਸੀ ਕਿ ਜੱਟ ਦਾ ਨੌਕਰੀ ਨਾਲ ਨਹੀਂ, ਜ਼ਮੀਨ ਨਾਲ ਕੰਮ ਚਲਦੈ। ਵਰਿੰਦਰ ਨੇ ਜਦੋਂ ਇਹੀ ਗੱਲ ਆਪਣੇ ਸਹੁਰੇ ਨਾਲ ਕੀਤੀ ਜਦੋਂ ਉਹ ਤੀਆਂ ਦਾ ਸਮਾਨ ਦੇਣ ਆਇਆ, ਤੇ ਵਰਿੰਦਰ ਦੇ ਸਹੁਰੇ ਨੇ ਬੜੀ ਚਲਾਕੀ ਭਰੇ ਅੰਦਾਜ਼ ਨਾਲ ਕਿਹਾ ਕਿ ਉਸ ਬਾਰੇ ਤਾਂ ਕਿਸੇ ਐਨ.ਆਰ.ਆਈ. ਨਾਲ ਗੱਲ ਚੱਲ ਰਹੀ ਹੈ ਜੋ ਦਲਜੀਤ ਦਾ ਪੁਰਾਣਾ ਦੋਸਤ ਤੇ ਸਹਿਪਾਠੀ ਹੈ। ਨਾਲੇ-ਇੱਕ ਦੂਜੇ ਨੂੰ ਵਧੀਆ ਜਾਣਦੇ ਨੇ।

ਵਰਿੰਦਰ ਦੀ ਮਾਨੋਂ ਜਿਵੇਂ ਮਨ ਦੀ ਸਾਰੀ ਕੰਡ ਜਿਹੀ ਲੈ ਗਈ ਹੋਵੇ, ਤੇ ਉਹ ਖੜ੍ਹਾ ਹੋ ਕਿ ਕਹਿੰਦਾ ਹੈ ਕਿ ਚੰਗਾ ਜੀ, ਮੈਂ ਚਲਦਾ ਹਾਂ, ਖੇਤ ਜਾ ਕੇ ਪੱਠੇ ਵੀ ਵੱਢਣੇ ਨੇ।

ਰੱਖੜ ਪੁੰਨਿਆ ਦਾ ਦਿਨ ਸੀ ਜਿਸ ਦਿਨ ਮਲਕੀਤੇ ਹੁਰਾਂ ਦੀ ਭੂਆ ਬਸੰਤੀ ਉਨ੍ਹਾਂ ਨੂੰ ਮਿਲਣ ਆਈ। ਉਸ ਨੇ ਪਹਿਲਾ ਬੰਤੋ ਨੂੰ ਉਸ ਦੀ ਬਿਮਾਰੀ ਬਾਰੇ ਪੁਛਿਆ ਤੇ ਫਿਰ ਗੱਲਾਂ ਹੀ ਗੱਲਾਂ ਵਿੱਚ ਕਹਿਣ ਲੱਗੀ ਕਿ ਨੀ ਬੰਤੋ ਜੇਕਰ ਮੈਂ ਆਪਣੇ ਮਲਕੀਤੇ ਨੂੰ ਰਿਸ਼ਤਾ ਕਰਵਾਵਾਂ। ਬੰਤੋਂ ਨੇ ਬੜੇ ਗਹੁ ਨਾਲ ਸੁਣਦੇ ਹੋਏ ਪੁੱਛਿਆ ਨੀ ਕਿਥੋਂ? "ਭੈਣ ਮੇਰੇ ਸਹੁਰੇ ਦੀ ਕੋਈ ਅੰਗਲੀ-ਸੰਗਲੀ ਰਲਦੀ ਐ। ਜੇਕਰ ਕਹੇ ਤਾਂ ਗੱਲ ਤੋਰਾਂ, ਨਾਲੇ ਆਪਣੇ ਹੀ ਵਰਗਾ ਪਰਿਵਾਰ ਐ।" ਬੰਤੋ ਵੀ ਚਾਹੁੰਦੀ ਸੀ ਕਿ ਉਹ ਆਪਣੇ ਮਰਨ ਤੋਂ ਪਹਿਲਾਂ ਆਪਣੇ ਮਲਕੀਤੇ ਦੇ ਉਪਰੋਂ ਪਾਣੀ ਵਾਰ ਕੇ ਪੀਵੇ। ਖੁਸ਼ ਹੀ ਦਿਨਾਂ ਵਿੱਚ ਗੱਲਬਾਤ ਚਲਾ ਕੇ, ਪਹਿਲਾਂ ਮੰਗਣੀ ਤੇ ਫਿਰ ਵਿਆਹ ਕਰ ਦਿੱਤਾ ਗਿਆ। ਮਲਕੀਤੇ ਨੂੰ ਵਿਆਹੀ ਬਲਜੀਤ ਗਰੀਬ ਜਿਹੇ ਘਰ ਦੀ 8ਵੀਂ ਪਾਸ ਕੁੜੀ ਸੀ, ਪਰ ਮਲਕੀਤੇ ਨੂੰ ਘਰ ਦੀ ਹਾਲਤ ਕਾਰਨ ਇਹ ਰਿਸ਼ਤਾ ਮਨਜ਼ੂਰ ਕਰਨਾ ਪਿਆ।

ਕੁਝ ਸਮਾਂ ਤਾਂ ਖੁਸ਼ੀ-ਖੁਸ਼ੀ ਲੰਘਿਆ ਪਰ ਗੱਡੇ ਦੇ ਦੋ ਪਹੀਏ ਇੱਕ ਸਮਾਨ ਨਾ ਹੋਣ ਕਾਰਨ ਫਰਕ ਤਾਂ ਪੈਣਾ ਹੀ ਸੀ। ਉਧਰ ਕੁਦਰਤ ਨੂੰ ਵੀ ਘਰ ਦੀਆਂ ਖੁਸ਼ੀਆਂ ਮਨਜ਼ੂਰ

ਨਹੀਂ ਸਨ ਤੇ ਐਵੇਂ ਹੀ ਘਰੇ ਆਨੀ-ਬਹਾਨੀ ਤੂੰ-ਤੂੰ, ਮੈਂ-ਮੈਂ ਹੋਣ ਲੱਗੀ। ਗੱਲ ਇਹ ਸੀ ਕਿ ਮਲਕੀਤ ਤਾਂ ਮਾਸਟਰ ਸੀ, ਉਸ ਕੋਲ ਤਾਂ ਸਾਰੇ ਹੀ ਮੁਲਾਜ਼ਮਾਂ ਦੇ ਫੋਨ ਆਉਂਦੇ ਰਹਿੰਦੇ ਸਨ। ਪਰ ਬਲਜੀਤ ਇਹ ਸ਼ੱਕ ਕਰਦੀ ਸੀ ਕਿ ਮਲਕੀਤ ਉਸ ਨੂੰ ਛੱਡ ਕਿਸੇ ਹੋਰ ਮੁਲਾਜ਼ਮ ਕੁੜੀ ਤੇ ਡੋਰੇ ਪਾ ਰਿਹਾ ਐਂ। ਬਲਜੀਤ ਨੇ ਕਈ ਵਾਰ- ਲੁੱਕ ਛਿਪ ਕੇ ਮਲਕੀਤ ਨੂੰ ਉਸ ਮੁਲਾਜ਼ਮ ਕੁੜੀ ਨਾਲ ਤੁਰਦੇ-ਫਿਰਦੇ ਵੀ ਵੇਖਿਆ ਸੀ।

ਇਹ ਮੁਲਾਜ਼ਮ ਕੁੜੀ ਰਾਣੋ ਸੀ, ਜੋ ਮਲਕੀਤ ਦੇ ਨਾਲ ਪ੍ਰਾਈਵੇਟ ਸਕੂਲ ਅਧਿਆਪਕਾ ਸੀ, ਉਸ ਦਾ ਪਤੀ ਸ਼ਰਾਬੀ-ਕਬਾਬੀ ਸੀ। ਰਾਣੋ ਅਤੇ ਮਲਕੀਤ ਦੋਨੋਂ ਪਰਿਵਾਰਿਕ ਦੁਖੀ ਹੋਣ ਕਾਰਨ ਇੱਕ ਦੂਸਰੇ ਨਾਲ ਅਕਸਰ ਦੁੱਖ-ਸੁੱਖ ਸਾਂਝਾ ਕਰ ਲੈਂਦੇ ਸਨ, ਉਂਝ ਬਦਚਲਣ ਵਾਲੀ ਕੋਈ ਗੱਲ ਨਹੀਂ ਸੀ। ਪਰ ਬਲਜੀਤ ਦੇ ਦਿਮਾਗ ਤੇ ਤਾਂ ਇੱਕੋ ਗਲ ਸੀ ਕਿ ਮਲਕੀਤ ਹੁਣ ਨਹੀਂ ਰਿਹਾ।

ਹੁਣ ਘਰ ਵਿੱਚੋਂ ਸ਼ਾਂਤੀ ਦੀ ਥਾਂ ਅਸ਼ਾਂਤੀ ਨੇ ਆਪਣੀ ਥਾਂ ਬਣਾ ਲਈ ਸੀ। ਹੁਣ ਨਿੱਤ ਕਲੇਸ਼ ਹੁੰਦਾ ਸੀ, ਬਲਜੀਤ ਦਾ ਆਪਣੇ ਪਰਿਵਾਰ ਨਾਲ ਐਵੇਂ ਛੋਟੀ-ਛੋਟੀ ਗੱਲ ਉੱਤੇ। ਉਧਰ ਬਲਜੀਤ ਦੇ ਆਪਣੇ ਪਿਉ ਨੂੰ ਫੋਨ ਕਰਨ ਤੇ ਉਹ ਆਪਣੇ ਪਿੰਡ ਦੇ ਚਾਰ-ਪੰਜ ਲਗਾੜਿਆਂ ਨੂੰ ਨਾਲ ਲੈ ਕੇ ਮਲਕੀਤ ਦੇ ਬਿਨਾਂ ਕੁਝ ਜਾਣੇ-ਐਵੇਂ ਖਾਅ-ਮ-ਖਾਅ ਖਿੱਚ ਧੂ ਕਰ ਗਿਆ, ਉਹ ਵੀ ਸਾਰੇ ਮੁਲਾਜ਼ਮਾਂ ਦੇ ਵਿਚਕਾਰ। ਇਹ ਸਭ ਮਲਕੀਤ ਨੂੰ ਅੰਦਰੋਂ ਅੰਦਰ ਘੁੱਟਣ ਲੱਗਾ।

ਹੁਣ ਕੀ ਸੀ ਕਿ ਸਾਰੇ ਪਿੰਡ ਵਿੱਚ ਮਲਕੀਤ ਦੇ ਇਸ ਕੁੜੀ ਵਾਲੇ ਕਿਸੇ ਦੇ ਡੋਰੇ ਉਡਣ ਲੱਗੇ। ਮਲਕੀਤ ਜੋ ਬਿਲਕੁਲ ਬੇਕਸੂਰ ਸੀ, ਆਖਿਰ ਸ਼ਰਾਬ ਦਾ ਸਹਾਰਾ ਲੈਣ ਲੱਗਿਆ, ਹੁਣ ਮਾਨੋ ਘਰ ਦੀ ਲੜਾਈ ਜਿਵੇਂ ਪਲਾਸੀ ਦੀ ਲੜਾਈ ਵਿੱਚੋਂ ਬਦਲ ਗਈ ਹੋਵੇ।

ਵਰਿੰਦਰ ਨੇ ਮਲਕੀਤ, ਬਲਜੀਤ ਅਤੇ ਸਹੁਰੇ ਪਰਿਵਾਰ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ। ਪਰ ਕੋਈ ਸਿੱਟਾ ਨਾ ਨਿਕਲਿਆ। ਅੱਜ ਹੀ ਮਲਕੀਤ ਹਰ ਰੋਜ਼ ਦੀ ਤਰ੍ਹਾਂ ਤਿਆਰ ਹੋ ਕੇ ਸਕੂਲ ਚਲਾ ਗਿਆ ਪਰ ਅੱਜ ਉਸ ਦੇ ਤੇਬਰ ਕੁਝ ਪਹਿਲਾਂ ਨਾਲੋਂ ਜ਼ਿਆਦਾ ਹੀ ਤੇਜ਼ ਸਨ। ਸਕੂਲ ਵਰਿੰਦਰ ਦੇ ਘਰ ਦੇ ਬਿਲਕੁੱਲ ਸਾਹਮਣੇ ਸੀ, ਸਾਰੀ ਛੁੱਟੀ ਦੀ ਘੰਟੀ ਵਜੀ ਤੇ ਵਰਿੰਦਰ ਉਸ ਸਮੇਂ ਮੱਝਾਂ ਨੂੰ ਪੱਠੇ ਪਾ ਰਿਹਾ ਸੀ। ਛੁੱਟੀ ਦੇ ਸਮੇਂ ਤੋਂ ਚਾਰ-ਘੰਟੇ ਗਏ ਮਲਕੀਤ ਘਰ ਨਹੀਂ ਸੀ ਆਇਆ। ਉਧਰ ਬਲਜੀਤ ਨੂੰ ਤਾਂ ਉਸ ਦੀ ਕੋਈ ਪਰਵਾਹ ਹੀ ਨਹੀਂ ਸੀ।

ਆਖਿਰ ਮਾਂ ਦਾ ਦਿਲ ਮਾਂ ਦਾ ਦਿਲ ਹੀ ਹੁੰਦਾ ਹੈ, ਬੰਤੋ ਬੜੀ ਬੇਚੈਨ ਲਗ ਰਹੀ ਕਦੇ ਅੰਦਰ ਜਾਂਦੀ ਤੇ ਕਦੇ ਬਾਹਰ ਤੇ ਨਾਲੇ ਵਰਿੰਦਰ ਨੂੰ ਕਹਿੰਦੀ ਹੈ ਕਿ ਉਹ ਕੰਮ ਧੰਦਾ ਛੱਡ ਕੇ ਮਲਕੀਤ ਨੂੰ ਲੱਭੇ ਕਿੱਥੇ ਗਿਆ।

ਚਾਰ ਪੰਜ-ਦਿਨ ਬੀਤ ਗਏ ਮਲਕੀਤਾ ਘਰ ਨਾ ਪਰਤਿਆ। ਉਧਰ ਵਰਿੰਦਰ ਅਤੇ ਉਸ ਦੇ ਸਾਥੀਆਂ ਨੇ ਸਾਰੇ ਖੂਹ-ਟੋਭੇ, ਰਿਸ਼ਤੇਦਾਰੀਆਂ ਛਾਂਟ ਮਾਰੀਆਂ ਪਰ ਉਸ ਦਾ ਕੋਈ ਥਹੁ ਪਤਾ ਨਹੀਂ ਮਿਲਿਆ।



ਮੰਗਲਵਾਰ ਵਾਲੇ ਦਿਨ ਪੁਲਿਸ ਦਾ ਮੁਲਾਜ਼ਮ, ਪਿੰਡ ਦੇ ਸਰਪੰਚ ਦੇ ਨਾਲ ਕੁਝ ਕੱਪੜੇ, ਘੜੀ ਅਤੇ ਸ਼ਨਾਖਤੀ ਕਾਰਡ ਲਈ ਵਰਿੰਦਰ ਦੇ ਘਰ ਦੇ ਗੇਟ 'ਤੇ ਖੜ੍ਹਾ ਸੀ। ਸਰਪੰਚ ਵਰਿੰਦਰ ਨੂੰ ਆਵਾਜ਼ ਦਿੰਦਾ ਹੈ, ਭਾਈ ਵਰਿੰਦਰ ਸਿਆਂ ਬਾਹਰ ਆਵੀਂ। ਵਰਿੰਦਰ ਆਪਣਾ ਪਰਨਾ ਲਪੇਟਦਾ ਹੋਇਆ ਬਾਹਰ ਆਉਂਦਾ ਹੈ ਤੇ ਕੱਪੜੇ, ਘੜੀ ਅਤੇ ਸ਼ਨਾਖਤੀ ਕਾਰਡ ਨੂੰ ਦੇਖਦੇ ਹੀ ਉਸ ਦੀ ਭੁੱਬ ਨਿਕਲ ਜਾਂਦੀ ਹੈ।

ਬੰਤੋ ਮਾਂ ਦੇ ਪੁੱਛਣ ਤੇ ਕੀ ਹੋਇਆ ਹੈ ਤਾਂ ਵਰਿੰਦਰ ਦੀਆਂ ਅੱਖਾਂ ਵਿੱਚੋਂ ਹੰਝੂ ਤੇ ਜੁਬਾਨੋਂ ਸਿਰਫ ਦੋ ਸ਼ਬਦ ਹੀ ਫੁੱਟੇ ਕਿ ਬੇਬੇ ਸਾਡਾ ਸੂਰਜ ਅਸਤ ਹੋ ਗਿਆ।

ਅੱਜ ਵੀ ਵਰਿੰਦਰ ਦੀਆਂ ਅੱਖਾਂ ਵਿੱਚ ਉਹੀ ਹੰਝੂ, ਉਹੀ ਵੇਦਨਾ ਸੀ, ਜਦੋਂ ਜੀਤਾ ਉਸ ਨੂੰ ਮਿਲਿਆ।

**ਸੁਖਚੈਨ ਸਿੰਘ ਤੋਲੇਵਾਲ**
**ਡਾਕ. ਚੀਮਾ. ਤਹਿ. ਸੁਨਾਮ ਸੰਗਰੂਰ**
**ਸੰਪਰਕ** : 95015-30163

◆◆◆

# ਨਿਬੰਧ

## ਕਲਮ ਦੀ ਖੁੰਢੀ ਧਾਰ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਬੜੀ ਨਿਤਾਣੀ ਹੈ ਕਲਮ। ਉਸ ਹੱਥ ਦੀ ਵੀ ਰਾਖੀ ਨਹੀਂ ਕਰ ਸਕਦੀ ਜਿਸ ਹੱਥ ਨਾਲ ਇਹ ਚਲਦੀ ਹੈ।

ਕਲਮ ਕਦੀ ਕਟਾਰ ਹੁੰਦੀ ਸੀ - ਤਲਵਾਰ ਹੁੰਦੀ ਸੀ।

ਕਲਮ ਰੌਸ਼ਨੀ ਢੋਂਦੀ ਸੀ, ਲਿਸ਼ਕਾਰ ਫੈਲਾਉਂਦੀ ਸੀ - ਪਰ ਹੁਣ ਕਲਮ ਹਨੇਰਿਆਂ ਦੇ ਤੁਲ ਤੁਲਦੀ ਹੈ। ਸਾਂਵੀ। ਦੌਰ ਹਨੇਰੇ ਦਾ ਹੈ। ਕਾਲਖ ਕਾਲ ਹੈ। ਕਲ ਕਾਤੀ ਹੈ।

- ਅਸੀਂ ਤੁਹਾਨੂੰ ਕਾਲਜ ਵਿੱਚ ਲੱਭਿਆ। ਪਰ ਤੁਸੀਂ ਮਿਲੇ ਨਹੀਂ।

- ਕਾਲਜ ਵਿੱਚੋਂ ਤੁਹਾਨੂੰ ਪਤਾ ਲਗ ਗਿਆ ਹੋਵੇਗਾ ਕਿ ਮੈਂ ਕਈ ਸਾਲ ਪਹਿਲਾਂ ਸੇਵਾ ਮੁਕਤ ਹੋ ਚੁੱਕਾ ਸਾਂ।

ਬਾਵਰਦੀ ਪੁਲਿਸ ਸਿਪਾਹੀ ਮੇਰੇ ਦਰਾਂ ਸਾਹਮਣੇ ਖੜ੍ਹਾ ਸੀ।

ਪਿਛਲੇ 50 ਸਾਲਾਂ ਤੋਂ, ਸਾਲ ਵਿੱਚ ਘੱਟੋ-ਘੱਟ ਇਕ ਵਾਰ ਚੰਡੀਗੜ੍ਹ ਤੋਂ ਮੇਰੇ ਨਾਂ ਪੁਲਿਸ-ਪੜਤਾਲ ਕਾਗਜ਼ ਆਉਂਦਾ ਹੈ। ਕਾਗਜ਼ ਘੁੰਮਦਾ ਘੁਮਾਂਦਾ ਮੇਰੇ ਘਰ ਪਹੁੰਚਦਾ ਹੈ - ਅੱਜ ਕੱਲ੍ਹ ਕੀ ਕਰਦੇ ਹੋ? ਕਿਹੜੀ- ਕਿਹੜੀ ਜਥੇਬੰਦੀ ਮੀਟਿੰਗ ਵਿੱਚ ਸ਼ਾਮਿਲ ਹੁੰਦੇ ਹੋ? ਕੀ ਲਿਖਦੇ ਹੋ?

ਮੈਨੂੰ ਲਿਖਦਿਆਂ ਪੰਜ ਦਹਾਕੇ ਬੀਤ ਗਏ ਹਨ। ਕਈ ਪੁਸਤਕਾਂ ਵੀ ਛਪੀਆਂ ਹਨ। ਰਸਾਲਿਆਂ, ਅਖਬਾਰਾਂ ਵਿੱਚ ਵੀ ਹਾਜ਼ਰ ਰਹਿੰਦਾ ਹਾਂ। ਮੇਰੀਆਂ ਰਚਨਾਵਾਂ ਕਿਸੇ ਅਲੋਚਕ ਨੇ ਨਹੀਂ ਪੜ੍ਹੀਆਂ ਲਗਦੀਆਂ। ਪੁਲਿਸ ਜ਼ਰੂਰ ਮੇਰੀਆਂ ਰਚਨਾਵਾਂ ਪੜ੍ਹਦੀ ਹੈ। ਮੇਰੇ ਵੱਲੋਂ ਕੀਤੀ ਗਈ ਸਮਾਜ ਦੀ ਚੀਰਫਾੜ ਨੂੰ ਹਥਿਆਰਬੰਦ ਕਰਾਂਤੀ ਨਾਲ ਜੋੜਦੀ ਹੈ ਤੇ ਮੇਰੀ ਪੁਛ ਪੜਤਾਲ ਕਰਦੀ ਹੈ। ਮੈਨੂੰ ਹਲਫਨਾਮਾ ਲਿਖ ਕੇ ਦੇਣਾ ਪੈਂਦਾ ਹੈ। ਐਮ. ਸੀ. (ਨਗਰ ਕੌਂਸਲ ਮੈਂਬਰ) ਪਾਸੋਂ ਸ਼ਨਾਖਤ ਕਰਵਾਉਣੀ ਪੈਂਦੀ ਹੈ।

ਐਮ. ਸੀ. ਮੇਰਾ ਪੁਰਾਣਾ ਵਿਦਿਆਰਥੀ ਹੈ।

– 'ਸਰ, ਮੈਂ ਤੁਹਾਡੀ ਸ਼ਨਾਖਤ ਕਰਾਂ। ਤੁਸੀਂ ਮੇਰੇ ਗੁਰੂ ! ਮੈਨੂੰ ਸ਼ਰਮ ਆਉਂਦੀ ਹੈ'।

ਪਰ ਪ੍ਰਸਾਸ਼ਨ ਨੂੰ ਸ਼ਰਮ ਨਹੀਂ ਉਂਦੀ।

ਇਕ ਨਾਮਵਰ ਅਖਬਾਰ ਵਿੱਚ ਮੇਰਾ ਲੇਖ ਛਪਿਆ–ਗੈਰ ਸਰਕਾਰੀ ਕਾਲਜਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਰਕਾਰ 95% ਗਰਾਂਟ ਦਿੰਦੀ ਹੈ। ਕਿਉਂ ਨਹੀਂ ਸਰਕਾਰ 5% ਗਰਾਂਟ ਹੋਰ ਦੇ ਕੇ ਇਨ੍ਹਾਂ ਕਾਲਜਾਂ ਦਾ ਸਾਰਾ ਪ੍ਰਬੰਧਕ ਆਪਣੇ ਹੱਥ ਲੈ ਲੈਂਦੀ। ਪ੍ਰੋਫੈਸਰਾਂ ਨੂੰ ਵਕਤ ਸਿਰ ਪੂਰੀ ਤਨਖਾਹ ਤਾਂ ਮਿਲੇਗੀ ਤੇ ਸੇਵਾ ਮੁਕਤੀ ਤੋਂ ਬਾਅਦ ਪੈਨਸ਼ਨ ਵੀ।

ਮੇਰੇ ਇਸ ਲੇਖ ਵਾਲਾ ਅਖਬਾਰ ਦਾ ਸਫਾ ਕੱਟਕੇ ਕਿਸੇ ਸ਼ਰਾਰਤੀ ਅਨਸਰ ਨੇ, ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੂੰ ਭੇਜ ਦਿੱਤਾ।

ਪ੍ਰਧਾਨ ਨੇ ਮੈਨੂੰ ਚਾਰਜਸ਼ੀਟ ਕਰ ਦਿੱਤਾ। ਸਜ਼ਾ ਦੇਣ ਲਈ ਕਮੇਟੀ ਦੀ ਇਕਤਰਤਾ ਬੁਲਾ ਲਈ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਕੰਵਲ ਨੇ ਕਮੇਟੀ ਪ੍ਰਧਾਨ ਨੂੰ ਪੁਛਿਆ– ਤੁਸੀਂ ਕਲਮ ਉੱਤੇ ਪਾਬੰਦੀ ਨਹੀਂ ਲਗਾ ਸਕਦੇ। ਨੌਸ਼ਹਿਰਵੀ ਦੇ ਲੇਖ ਤਾਂ ਹੋਰ ਅਖਬਾਰਾਂ, ਰਸਾਲਿਆਂ ਵਿੱਚ ਵੀ ਛਪਦੇ ਨੇ। ਇਹ ਲੇਖਕ ਹਨ – ਕੋਈ। 'ਹੋਣਗੇ'। – ਅਜਮੇਰ ਸਿੰਘ ਨੇ ਧਿਆਨ ਦੂਜੇ ਪਾਸੇ ਕਰ ਲਿਆ।

ਅਜਮੇਰ ਸਿੰਘ ਲਈ ਲੇਖਕ ਦੀ ਕਲਮ ਦੀ ਕੋਈ ਮਹੱਤਵ ਨਹੀਂ ਸੀ।

ਕਲਮ ਦੀ ਖੁੰਢੀ ਧਾਰ।

ਮੈਂ ਸਿੱਖਿਆ ਮੰਤਰੀ ਨੂੰ ਚਿੱਠੀ ਲਿਖੀ। ਆਪਣੇ ਲੇਖਕ ਹੋਣ ਬਾਰੇ ਅਤੇ ਲੰਮਾ–ਸਮਾਂ ਕਾਲਜ ਅਧਿਆਪਕ ਵਜੋਂ ਸੇਵਾ ਕਰਨ ਦਾ ਹਵਾਲਾ ਦਿੱਤਾ। ਮੈਂ ਲਿਖਿਆ ਕਿ ਮੇਰੀ ਨੂੰਹ ਨੇ ਕਨੇਡਾ ਆਪਣੇ ਪਤੀ ਪਾਸ ਜਾਣ ਲਈ ਇਕ ਸਾਲ ਦੀ, ਬਿਨ੍ਹਾਂ ਤਨਖ਼ਾਹ ਤੋਂ ਛੁੱਟੀ ਲੈਣ ਲਈ, ਅਰਜ਼ੀ ਦਿੱਤੀ ਸੀ। ਪਰ ਕਈ ਮਹੀਨੇ ਗੁਜ਼ਰ ਜਾਣ ਉਪਰੰਤ ਵੀ ਸਿੱਖਿਆ ਸਕੱਤਰ ਵੱਲੋਂ ਕੋਈ ਉੱਤਰ ਨਹੀਂ ਆਇਆ। ਮੈਂ ਕਈ ਦਿਨ ਉਡੀਕਿਆ। ਪਰ ਸਿੱਖਿਆ ਮੰਤਰੀ ਵੱਲੋਂ ਮੈਨੂੰ ਕੋਈ ਉੱਤਰ ਨਾ ਆਇਆ।

ਜੇ ਕਲਮ ਕਟਾਰ ਹੁੰਦੀ।

ਜੇ ਕਲਮ ਦੀ ਤਿੱਖੀ ਧਾਰ ਹੁੰਦੀ.

ਕਾਲਜ ਵਿੱਚ ਹਰਮਿੰਦਰ ਸਿੰਘ ਦਫ਼ਤਰ ਹੈੱਡ ਹੁੰਦਾ ਸੀ। ਸਾਰੀ ਡਾਕ ਉਸੇ ਪਾਸ ਆਇਆ ਕਰਦੀ ਸੀ। ਉਹ ਡਾਕ ਨੂੰ ਛਾਂਟ ਕੇ ਪ੍ਰਿੰਸੀਪਲ ਦੇ ਟੇਬਲ ਉੱਤੇ ਰੱਖਦਾ ਸੀ।



ਜਿਹੜੀ ਚਿੱਠੀ ਪ੍ਰੋਫੈਸਰਾਂ ਦੇ ਹਿੱਤ ਵਿੱਚ ਹੁੰਦੀ ਸੀ, ਉਹ ਚਿੱਠੀ ਅਕਸਰ ਹਰਮਿੰਦਰ ਦਬਾ ਲੈਂਦਾ ਸੀ। ਕਈ ਵਾਰ ਫਾਈਲ ਹੀ ਗੁੰਮ ਕਰ ਦਿੰਦਾ ਸੀ। ਸਬੰਧਤ ਵਿਅਕਤੀ ਵਾਰ–ਵਾਰ ਦਫ਼ਤਰ ਦੇ ਚੱਕਰ ਕੱਟਦਾ ਸੀ– ਚੰਡੀਗੜ੍ਹ ਜਾ ਕੇ ਪਤਾ ਕਰਨਾ ਪੈਂਦਾ ਸੀ। ਹਰਮਿੰਦਰ ਕੰਡਿਆਲੀਆਂ ਮੁੱਛਾਂ ਵਿੱਚੋਂ ਦੀ ਹੱਸਦਾ ਸੀ।

ਚਿੱਟਾ ਖੂਨ। ਮੂੰਹ ਨੂੰ ਲੱਗਾ ਮਾਨਵ ਖੂਨ।

ਇਕ ਹੋਰ ਭਸਵਿੰਦਰ ਸਿੰਘ ਵੀ ਹੈ। ਵੈਸੇ ਨਾਮ ਉਸ ਦਾ ਹਰਵਿੰਦਰ ਹੋਣਾ ਚਾਹੀਦਾ ਸੀ। ਉੱਚ ਸਿੱਖਿਆ ਦਫਤਰ ਵਿੱਚ ਕਲਰਕ। ਅਧਿਆਪਕ ਆਪਣੇ ਛੋਟੇ ਛੋਟੇ ਕੰਮਾਂ ਲਈ ਜਾਂਦੇ– ਫਾਈਲ ਦੁਬਾਰਾ ਬਣਾ ਕੇ ਪੇਸ਼ ਕਰੋ, ਅਫਸਰ ਬਾਹਰ ਡਿਊਟੀ ਉੱਤੇ ਹੈ, ਸੋਮਵਾਰ ਆਵੋ। ਅੱਜ ਸਾਡੀ ਹੜਤਾਲ ਹੈ। ਤੁਹਾਡੀ ਫਾਈਲ ਤਾਂ ਮੇਰੇ ਪਾਸ ਹੈ ਹੀ ਨਹੀਂ, ਦੁਬਾਰਾ ਫਾਈਲ ਜਮਾਂ ਕਰਾਵੋ। ਮੈਂ ਚਾਹ ਪੀ ਆਵਾਂ ਫੇਰ ਵੇਖਦਾ ਹਾਂ। ਕਈ ਵਾਰ ਕੁਰਸੀ ਖਾਲੀ ਹੁੰਦੀ। ਤੁਸੀਂ ਪੱਟੀ ਤੋਂ, ਅਬੋਹਰ ਤੋਂ ਜਾਂ ਬਟਾਲਾ ਤੋਂ ਆਉਂਦੇ ਹੋ – ਵਾਰ–ਵਾਰ।

ਚੱਕਰ ਮਰਵਾਓ। ਸਤਾਓ। ਆਪੇ ਪੈਸੇ ਕਢੇਗਾ।

ਕਈ ਚੱਕਰ ਲਾਉਣ ਤੋਂ ਬਾਅਦ ਮੇਰੀ ਨੂੰਹ ਦਾ ਡਾਕਟਰੀ ਛੁੱਟੀ ਦਾ ਕੇਸ ਕਿਸੇ ਤਣ ਪੱਤਣ ਨਾ ਲਗਾ। ਮੈਂ ਉੱਚ ਸਿੱਖਿਆ ਦਫਤਰ ਗਿਆ ਸਬੰਧਤ ਕਲਰਕ ਨੂੰ ਮਿਲਿਆ। ਮੈਂ ਆਪਣੇ ਲੇਖਕ ਹੋਣ ਬਾਰੇ, ਆਪਣੀਆਂ ਕਿਤਾਬਾਂ ਬਾਰੇ, ਆਪਣੇ ਰੇਡੀਓ, ਟੀ.ਵੀ. ਇੰਟਰਵਿਊਆਂ ਬਾਰੇ ਦੱਸਿਆ। ਭਸਵਿੰਦਰ ਨੇ ਜਿਵੇਂ ਕੁਝ ਸੁਣਿਆ ਹੀ ਨਾ ਹੋਵੇ। ਸਿਰ ਚੁੱਕ ਕੇ ਮੇਰੇ ਵੱਲ ਵੇਖਿਆ ਵੀ ਨਾ।

'ਤੁਹਾਨੂੰ ਨੂੰਹ ਕਨੇਡਾ ਤੋਂ ਕਿੰਨੇ ਡਾਲਰ ਕਮਾ ਕੇ ਲਿਆਈ ਹੈ।' ਤੇ ਫੇਰ ਕਲਰਕ ਭਸਵਿੰਦਰ ਉੱਠ ਕੇ ਪੌੜੀਆਂ ਉਤਰਨ ਲੱਗਾ।

ਕਲਮ ਦੀ ਖੁੰਢੀ ਧਾਰ।

ਕਲਮ ਸਾਜ਼ਸ਼ੀ ਚੁਪ ਦੀ ਸ਼ਿਕਾਰ।

ਮੈਂ ਲਖਬੀਰ ਸਿੰਘ ਬਲਾਲਾ, ਪੰਚਾਇਤ ਸਕੱਤਰ ਨੂੰ ਲੈ ਕੇ ਥਾਣੇ ਗਿਆ। ਮੈਨੂੰ ਕੱਲ੍ਹ ਰਾਤ ਚੰਡੀਗੜ੍ਹ ਰਹਿਣਾ ਪਿਆ ਸੀ। ਪਿੱਛੋਂ ਘਰ ਵਿੱਚ ਕੋਈ ਨਹੀਂ ਸੀ। ਚੋਰੀ ਹੋ ਗਈ ਸੀ।

ਮੇਰੇ ਸੋਨੇ ਦੀ ਨਿੱਬ ਵਾਲਾ ਪੈੱਨ ਅਤੇ ਦੋ ਤੋਲੇ ਦਾ ਸੋਨੇ ਦਾ ਕੜਾ ਚੋਰੀ ਹੋ ਗਏ ਸਨ। ਕਮਰਿਆਂ ਵਿੱਚ ਕਿਤਾਬਾਂ ਰਸਾਲੇ ਖਿਲਰੇ ਪਏ ਸਨ।

ਲਖਬੀਰ ਨੇ ਕਿਹਾ – ਇਹ ਪੰਜਾਬ ਦੇ ਜਾਣੇ ਪਛਾਣੇ ਲਿਖਾਰੀ ਹਨ – ਨੌਸ਼ਹਿਰਵੀ।

ਮੁਨਸ਼ੀ ਨੇ ਸਾਧਾਰਨ ਕਾਗਜ਼ ਉੱਤੇ ਸ਼ਿਕਾਇਤ ਲਿਖ ਲਈ। ਕਲ ਆਉਣ ਨੂੰ ਕਿਹਾ

ਮੈਂ ਤਿੰਨ ਦਿਨ ਜਾਂਦਾ ਰਿਹਾ। ਐਸ.ਐਚ.ਓ, ਡੀ.ਐਸ.ਪੀ. ਨੂੰ ਮਿਲਿਆ। ਸਰਗਰਮ ਲੇਖਕ ਹੋਣ ਬਾਰੇ ਦੱਸਿਆ। ਪਰ ਕੁਝ ਨਾ ਬਣਿਆ।

ਸੋਨੇ ਦੀ ਨਿੰਬ ਵਾਲਾ ਪੈਨ, ਇਕ ਸਰਕਾਰੀ ਡੈਲੀਗੇਸ਼ਨ ਨਾਲ ਗਏ, ਪ੍ਰਾਹੁਣੇ ਕਰਨੈਲ ਸਿੰਘ ਧਾਲੀਵਾਲ ਨੇ ਮਾਸਕੋ ਤੋ ਲਿਆਂਦਾ ਸੀ। ਮੈਨੂੰ ਪਿਆਰਾ ਤੋਹਫ਼ਾ ਦਿੱਤਾ ਸੀ ਤੇ ਕਿਹਾ ਸੀ – ਤੁਹਾਡੀਆਂ ਰਚਾਵਾਂ ਸ਼ੁੱਧ ਸੋਨਾ ਹਨ।

ਇੱਲਾਂ ਦੇ ਆਹਲਣੇ ਵਿੱਚ ਮਾਸ ਕਿਥੇ।

ਕਲਮ ਦੀ ਖੁੰਢੀ ਧਾਰ

ਨਾ ਕਰ ਸਕੀ ਕਲਮ ਕੋਈ ਵਾਰ।

ਸ਼ਹਿਰ ਵਿੱਚ ਆਖੰਡ ਪਾਠਾਂ ਸਮੇਂ, ਸ਼ੋਕ ਭੋਗਾਂ ਸਮੇਂ ਅਤੇ ਹੋਰ ਮੌਕਿਆਂ ਉੱਤੇ ਜਨਤਕ ਇਕੱਠ ਹੁੰਦੇ ਹਨ। ਸਦਾ ਪੰਜ ਬੁਲਾਰਿਆਂ ਨੂੰ ਬੋਲਣ ਲਈ ਕਿਹਾ ਜਾਂਦਾ ਹੈ – ਮੌਜੂਦਾ ਐਮ.ਐਲ.ਏ., ਸਾਬਕਾ ਐਮ.ਐਲ.ਏ., ਕਿਸਾਨ ਯੂਨੀਅਨ ਦੇ ਆਗੂ, ਐਸ.ਜੀ.ਪੀ.ਸੀ. ਮੈਂਬਰ ਅਤੇ ਅਰਬਪਤੀ ਠੇਕੇਦਾਰ। ਇਨ੍ਹਾਂ ਨੇ ਉਹੋ ਹੀ ਬੋਲਣਾ ਹੁੰਦਾ ਹੈ, ਜੋ ਪਿਛਲੀ ਵਾਰ ਬੋਲਿਆ ਸੀ। ਇਹ ਸਭ ਨੂੰ ਪਤਾ ਹੁੰਦਾ ਹੈ।

ਪਰ ਇਲਾਕੇ ਦੇ ਜਾਣੇ ਪਛਾਣੇ ਲੇਖਕ ਦੀ ਬੋਲਣ ਦੀ ਵਾਰੀ ਆਉਣ ਤੋਂ ਪਹਿਲਾਂ ਹੀ ਟਾਈਮ ਖਤਮ ਹੋ ਜਾਂਦਾ ਹੈ। ਪ੍ਰੋ. ਨੌਸ਼ਹਿਰਵੀ ਨੂੰ ਅਸੀਂ ਟਾਈਮ ਨਹੀਂ ਦੇ ਸਕਾਂਗੇ।

ਕਲਮ ਦੀ ਖੁੰਢੀ ਧਾਰ

ਚੁੱਕੇ ਕਲਮ ਸਦੀਆਂ ਦਾ ਭਾਰ।

ਦੁਸਹਿਰਾ ਦੰਗਲ ਕਮੇਟੀ ਦਾ ਕੁਸ਼ਤੀਆਂ ਦਾ ਅਖਾੜਾ ਪ੍ਰੋਗਰਾਮ ਚਲ ਰਿਹਾ ਸੀ। ਮੇਰੀ ਕਲਮ ਦਾ ਸਨਮਾਨ ਕੀਤਾ ਗਿਆ. ਸ਼ਾਲ ਭੇਟ ਕੀਤਾ ਗਿਆ ਸੀ। ਮੈਂ ਮੰਚ ਉੱਤੇ ਬੈਠਾ ਸਾਂ।

ਇਕ ਸਿਆਸੀ ਲੀਡਰ ਆਪਣੇ ਲਠਬਾਜ਼ਾਂ ਨਾਲ ਅਖਾੜੇ ਵਿੱਚ ਆ ਸ਼ਾਮਲ ਹੋਇਆ। ਨਾਲ ਪੁਲਸ ਦੀਆਂ ਧਾੜਾਂ ਵੀ ਸਨ। ਸਾਰੇ ਮੰਚ ਉੱਤੇ ਚੜ੍ਹ ਆਏ। ਮੈਨੂੰ ਮੰਚ ਤੋਂ ਹੇਠਾਂ ਜਾਣ ਨੂੰ ਕਿਹਾ ਗਿਆ।

ਸ਼ਾਲ ਮੈਂ ਮੁੱਖ ਪ੍ਰਬੰਧਕ ਦੇ ਪੈਰਾਂ ਵਿੱਚ ਸੁੱਟ ਕੇ, ਅਖਾੜੇ ਵਿੱਚੋਂ ਬਾਹਰ ਆ ਗਿਆ।

ਕਲਮ ਦੀ ਖੁੰਢੀ ਧਾਰ

ਕਲਮ ਬਣੇ ਤੇਜ਼ ਹਥਿਆਰ।

ਮੇਰੀ ਕਲਮ ਨੇ ਹਾੜਾਂ ਦੇ ਚੁਮਾਸੇ ਵੀ ਸਹੇ– ਰੇਗਿਸਥਾਨ ਤੇ ਰੇਤੀ ਵੀ ਫੱਕੀ, ਸਿਰ ਉੱਤੇ ਪਹਾੜ ਵੀ ਚੁੱਕਿਆ। ਸਮੁੰਦਰ ਵੀ ਤਰਿਆ। ਅੰਬਰ ਵੀ ਗਾਹਿਆ। ਜੇਲ੍ਹ ਵੀ ਕੱਟੀ। ਧਮਕੀਆਂ ਸੁਣੀਆਂ, ਤਸੀਹੇ ਸਹੇ, ਪਰ ਸਮਝੌਤਾ ਨਹੀਂ ਕੀਤਾ। ਸੂਰਜ ਦੇ ਲਾਲ ਰਾਹੋਂ ਨਹੀਂ ਭਟਕੀ– ਮੇਰੀ ਕਲਮ। ਮੇਰੀ ਕਲਮ ਉੱਤੇ ਜ਼ਫਰਨਾਮਾਂ ਦੀ ਚੱਪਾ ਕੁ ਪਰਛਾਈਂ ਹੈ। ਮੇਰੀ ਕਲਮ ਵਿੱਚ ਪੁਸਤਕ 'ਸਰਮਾਇਆ' ਦੀ ਰਤਾ ਕੁ ਚਮਕ ਹੈ।

ਗੁਰੂ ਨਾਨਕ ਦੇਵ ਜੀ ਲਿਖਦੇ ਹਨ –

ਧੰਨੁਸੁ ਕਾਗਦੁ ਕਲਮ ਧੰਨੁ ਧੰਨੁ ਭਾਂਡਾ ਧਨੁ ਮਸੁ

ਧਨ ਲੇਖਾਰੀ ਨਾਟਕਾ ਜਿਨ ਨਾਮੁ ਲਿਖਾਇਆ ਸਚੁ।

ਮੇਰੀ ਕਲਮ ਸੱਚ ਦੇ ਅੰਗ ਸੰਗ ਹੈ।

**ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ- 141114**

**ਸੰਪਰਕ : 94638-08697**



# ''ਤੀਆਂ ਤੀਜ ਦੀਆਂ ਵਰ੍ਹੇ ਇਨ੍ਹਾਂ ਨੂੰ ਫੇਰ'

ਮੇਰੇ ਪੰਜਾਬ ਦੇ ਵਿਰਸੇ ਵਿੱਚੋਂ ਪੈਦਾ ਹੋਈਆਂ ਤੀਜ ਦਾ ਤਿਉਹਾਰ ਉਲਝਣਾਂ ਭਰੀ ਜ਼ਿੰਦਗੀ ਵਿੱਚੋਂ ਕੁਦਰਤੀ ਤੌਰ 'ਤੇ ਪੈਦਾ ਹੋਈ ਲੈਅ ਆਪਣੇ ਆਪ ਹੀ ਸਭਿਆਚਾਰ ਦਾ ਰੂਪ ਧਾਰਣ ਕਰ ਲੈਂਦੀ ਹੈ। ਸਾਡੇ ਇਸ ਵਿਰਸੇ ਅਤੇ ਸਭਿਆਚਾਰ ਦਾ ਅੰਗ ਹਨ 'ਤੀਆਂ' ਦੀਆਂ ਆਮ ਤੌਰ 'ਤੇ ਸਾਵਣ ਦੇ ਮਹੀਨੇ ਤੀਜ ਵਾਲੇ ਦਿਨ ਲਗਾਈਆਂ ਜਾਂਦੀਆਂ ਹਨ ਕਿਉਂਕਿ ਇਸ ਰੁੱਤ ਵਿੱਚ ਜੇਠ ਹਾੜ ਦੀਆਂ ਭੱਠ ਵਾਂਗ ਤਪਦੀਆਂ ਦੁਪਹਿਰਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਅਸਮਾਨ ਉੱਪਰ ਕਾਲੀਆਂ ਘਟਾਵਾਂ ਛਾਈਆਂ ਨਜ਼ਰ ਆਉਂਦੀਆਂ ਹਨ ਅਤੇ ਕੁਦਰਤ ਦੀ ਸ੍ਰਿਸ਼ਟੀ ਹਰੀ ਭਰੀ ਨੂੰ ਮੋਰਾਂ ਦੀਆਂ ਪੈਲਾਂ ਤੇ ਆਵਾਜ਼ਾਂ ਹੋਰ ਵੀ ਸੁਹਾਵਣਾ–ਬਣਾਉਂਦੀਆਂ ਹਨ। ਹਰੇਕ ਪਾਸੇ ਹਰਿਆਵਲ ਹੀ ਹਰਿਆਵਲ ਹੁੰਦੀ ਹੈ।

ਸਾਵਣ ਦੇ ਮਹੀਨੇ ਹਰ ਘਰ ਖੀਰ ਅਤੇ ਪੂੜੇ ਪਕਾਏ ਜਾਂਦੇ ਹਨ।

ਸਿਆਣਿਆਂ ਦੀ ਕਹਾਵਤ ਹੈ :

''ਕਾਹਦਾ ਆਇਆ ਅਪਰਾਧੀਆ ਜੇ ਸਾਵਣ ਖੀਰ ਨਾ ਖਾਧੀਆ''

ਘਰ ਘਰ ਮੱਠੀਆਂ, ਗੁਲਗਲੇ ਪਕਦੇ ਹਨ ਬੱਚੇ ਮੀਂਹ ਵਿੱਚ ਨਹਾਉਂਦੇ ਹਨ ਅਤੇ ਕਲਕਾਰੀਆਂ ਮਾਰਦੇ ਹਨ –

''ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰਸਾ ਦੇ ਜ਼ੋਰੋ ਜ਼ੋਰ''

ਇਸ ਮੌਸਮ ਦਾ ਅਨੰਦ ਲੈਣ ਲਈ ਕੁੜੀਆਂ ਇਕੱਠੀਆਂ ਹੋ ਕੇ ਬੋਹੜਾਂ ਹੇਠ ਪੀਂਘਾਂ ਝੂਟਦੀਆਂ ਹਨ ਗਿੱਧਾ ਪਾਉਂਦੀਆਂ ਹਨ। ਸਾਵਣ ਮਹੀਨੇ ਵਿਆਹੀਆਂ ਕੁੜੀਆਂ ਪੇਕੇ ਆ ਜਾਂਦੀਆਂ ਹਨ ਸਾਰੀਆਂ ਇਕੱਠੀਆਂ ਹੋ ਕੇ ਗਿੱਧਾ ਪਾਉਂਦੀਆਂ ਹਨ। ਸਹੇਲੀਆਂ ਨਾਲੋਂ ਵਿਛੜੀਆਂ ਕੁੜੀਆਂ ਆਪਣੇ ਦਿਲ ਦੀ ਸਧਰਾਂ ਗਿੱਧੇ ਵਿੱਚ ਬੋਲੀਆਂ ਦੇ ਰੂਪ ਵਿੱਚ ਖੋਲ੍ਹਕੇ ਪੇਸ਼ ਕਰਦੀਆਂ ਹਨ।

ਸਾਵਣ ਮਹੀਨੇ ਘਾਹ ਹੋ ਚਲਿਆ

ਰੱਜਣ ਮੱਝਾਂ ਗਾਈਆਂ

ਗਿੱਧਿਆਂ ਪਿੰਡ ਵੜਵੇ ਲਾਂਭ ਲਾਂਭ ਨਾ ਜਾਈਂ

ਸਹੁਰੇ ਘਰ ਬੈਠੀਆਂ ਭੈਣਾਂ ਨੂੰ ਤੀਆਂ ਤੋਂ ਪਹਿਲਾਂ ਆਪਣੇ ਵੀਰ ਦੀ ਉਡੀਕ ਸ਼ੁਰੂ ਹੋ ਜਾਂਦੀ ਹੈ ਅਤੇ ਕਹਿੰਦੀ ਹੈ

ਕਿਤੋਂ ਆਈ ਵੇ ਭੈਣ ਦੇ ਵਿਹੜੇ, ਪੁੰਨਿਆ ਦਾ ਚੰਨ ਬਣਕੇ''

ਜੇਕਰ ਕਿਸੇ ਕਾਰਨ ਵੀਰ ਨਹੀਂ ਆਉਂਦਾ ਜਾਂ ਲੇਟ ਹੋ ਜਾਂਦਾ ਤਾਂ ਸੱਸ ਮਿਹਣਾ ਮਾਰਦੀ ਕਹਿੰਦੀ :

''ਬਹੁਤਿਆਂ ਭਰਾਵਾਂ ਵਾਲੀਏ ਤੈਨੂੰ ਤੀਆਂ ਤੇ ਲੈਣ ਨਹੀਂ ਆਏ''

ਅੱਗਿਓਂ ਭੈਣ ਕਹਿੰਦੀ ਹੈ

''ਤੈਥੋਂ ਡਰਦੇ ਲੈਣ ਨਹੀਂ ਆਏ ਸੱਸੇ ਵੜੇਵੇਂ ਅਖੀਏ''

ਪੁਰਾਣੇ ਸਮੇਂ ਵਿੱਚ ਆਵਾਜਾਈ ਦੇ ਸਾਧਨ ਘੱਟ ਹੁੰਦੇ ਸਨ ਲੋਕ ਊਠਾਂ ਤੇ ਸਫ਼ਰ ਕਰਦੇ ਸਨ। ਜਦੋਂ ਚੁਲ੍ਹੇ ਕੋਲ ਬੈਠੀ ਭੈਣ ਆਪਣੇ ਵੀਰ ਦੀ ਉਡੀਕ ਵਿੱਚ ਵੀਰ ਦੇ ਬੈਂਤ ਦੇ ਘੁੰਗਰੂਆਂ ਦੀ ਆਵਾਜ਼ ਸੁਣਦੀ ਹੈ ਤਾਂ ਉਸ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ ਅਤੇ ਕਹਿੰਦੀ ਹੈ।

"ਬੋਤਾ ਬੰਨ ਦੇ ਸਰਵਨਾਂ ਵੀਰਾ, ਮੁੰਨੀਆਂ ਰੰਗੀਨ ਗੱਡੀਆਂ"

ਅਗਿਓਂ ਵੀਰ ਕਹਿੰਦਾ ਹੈ

"ਮੱਥਾ ਟੇਕ ਦਾ ਅੰਮੀ ਦੀ ਜਾਈਏ, ਬੋਤਾ ਭੈਣੇ ਫੇਰ ਬੰਨ ਲਊ"

ਭੈਣ ਕਾੜਨੀ ਵਿੱਚੋਂ ਦੁੱਧ ਦਾ ਛੰਨਾ ਭਰਕੇ ਲਿਆਉਂਦੀ ਕਹਿੰਦੀ ਹੈ "ਤੈਨੂੰ ਵੀਰਾ ਦੁੱਧ ਦਾ ਛੰਨਾ, ਤੇਰੇ ਬੋਤੇ ਨੂੰ ਗੁਆਰੇ ਦੀ ਫਲੀਆਂ"

ਜਿਸ ਅਭਾਗਣ ਭੈਣ ਦੇ ਘਰ ਵੀਰ ਨਹੀਂ ਹੁੰਦਾ ਉਹ ਵਿਚਾਰੀ ਕਹਿੰਦੀ ਹੈ ਅਤੇ ਅਰਦਾਸ ਕਰਦੀ ਹੈ।

"ਇਕੋ ਵੀਰ ਦੇਈਂ ਵੇ ਰੱਬਾ, ਮੇਰੇ ਸਾਰੀ ਉਮਰ ਦੇ ਮਾਪੇ"

ਤੀਆਂ ਤੋਂ ਇੱਕ ਦਿਨ ਪਹਿਲਾ ਵਾਲੀ ਰਾਤ ਕੁੜੀਆਂ ਇਕੱਠੀਆਂ ਹੋ ਕੇ ਮਹਿੰਦੀ ਲਗਾਉਂਦੀਆਂ ਹਨ ਅਤੇ ਚੂੜੀਆਂ ਪਾਉਂਦੀਆਂ ਹਨ, "ਮਹਿੰਦੀ "ਮਹਿੰਦੀ ਸਭ ਜੱਗ ਕਹਿੰਦਾ ਮੈਂ ਵੀ ਆਖਾਂ ਮਹਿੰਦੀ। ਘੋਟ ਘੋਟ ਮੈਂ ਹੱਥਾਂ ਤੇ ਲਾਵਾ, ਫੋਲਕ ਬਣ ਬਣ ਲਹਿੰਦੀ,

ਬੋਲ ਸ਼ਰੀਕਾਂ ਦੇ ਮੈਂ ਨਾ ਬਾਬਲਾ ਸਹਿੰਦੀ।"

ਤੀਆਂ ਵਾਲੇ ਦਿਨ ਕੁੜੀਆਂ ਪੀਂਘਾਂ ਝੂਟਦੀਆਂ ਹਨ ਅਤੇ ਗਿੱਧਾ ਪਾਉਂਦੀਆਂ ਹਨ। ਸਹੁਰੇ ਘਰ ਦੀ ਚਾਰ-ਦੀਵਾਰੀ ਵਿੱਚੋਂ ਆਜ਼ਾਦ ਹੋਕੇ ਆਉਂਦੀਆਂ ਆਪਣੇ ਦਿਲ ਦੀਆਂ ਸਧਰਾਂ ਪੇਸ਼ ਕਰਦੀਆਂ ਹਨ। ਸੱਸ ਨਣਦ ਤੰਤੀ ਅਤੇ ਮਾਹੀਏ ਦੀਆਂ ਸਿਫਤਾਂ ਇੰਜ ਕਰਦੀਆਂ ਹਨ :

ਆਰੇ ਆਰੇ ਸੱਸ ਮੇਰੀ ਬੜੀ ਔਤਰੀ,
ਮਾਹੀਏ ਕੋਲ ਲਾਵੇ ਲੂੱਤੀਆਂ, ਚੜਕੇ ਨਿੱਤ ਚਬਾਰੇ,
ਸੱਸੇ ਮੱਚਲੀਏ ਤੈਨੂੰ ਦਿਨੇ ਦਿਖਾਦੂੰ ਤਾਰੇ

ਫਿਰ ਦੂਜੀ ਕੁੜੀ ਕਹਿੰਦੀ ਹੈ

ਸੱਸ ਮਰਜੇ, ਨਣਾਨ ਸਹੁਰੇ ਤੁਰਜੇ, ਆਪਾਂ ਦੋਵੇਂ ਮੇਲੇ ਚਲੀਏ,
ਸੱਸ ਪਿਟਣੀ ਪੰਜੇਬਾਂ ਪਾ ਕੇ ਲੋਕੀਂ ਭਾਵੇਂ ਨਿੰਦਿਆ ਕਰੇ।

ਫਿਰ ਜੇਠ ਤੋਂ ਸਤਾਈ ਕੁੜੀ ਬੋਲੀ ਪਾਉਂਦੀ ਹੈ -

ਧੇਲੇ ਦੀ ਮੈਂ ਰੂੰ ਪਿੰਜਾਈ, ਉਹ ਵੀ ਚੜ ਗਈ ਛੱਤੇ
ਦੇਖੋ ਨੀ ਮੇਰੇ ਹਾਣਦੀਏ ਮੇਰਾ ਜੇਠ ਪੂਣੀਆਂ ਕੱਤੇ।

ਅੱਗੇ ਫਿਰ ਕਹਿੰਦੀ ਹੈ-

ਮੇਰੇ ਜੇਠ ਦੇ ਪੁੱਠੇ ਦਿਨ ਆਏ, ਕਿੱਕਰਾਂ ਨੂੰ ਪਾਵੇ ਜੱਫੀਆਂ।

ਫਿਰ ਇਕ ਦੂਜੇ ਨਾਲ ਇਸ ਨੂੰ ਸ਼ੁਰੂ ਰੱਖਦੀਆਂ ਹਨ ਤਾਂ ਅੱਡੀ ਇਸ ਤਰ੍ਹਾਂ ਵੱਜਦੀ ਜਿਵੇਂ ਜੇਲ੍ਹ ਵਿੱਚੋਂ ਆਜ਼ਾਦ ਹੋ ਕੇ ਆਈਆਂ ਹੋਣ :



'ਸਹੁਰੇ ਕੈਦ ਕੱਟੀ, ਨਾ ਚੋਰੀ ਨਾ ਡਾਕਾ'

ਕੁੜੀਆਂ ਨੂੰ ਇਕੱਠੀਆਂ ਹੋਣ ਤੇ ਪਤਾ ਹੀ ਨਹੀਂ ਲਗਦਾ ਕਿ ਤੀਆਂ ਦੇ ਦਿਨ ਬੀਤਦੇ ਜਾ ਰਹੇ ਹਨ ਜੇਕਰ ਕੋਈ ਗੱਭਰੂ ਮੁਟਿਆਰ ਨੂੰ ਲੈਣ ਆ ਜਾਂਦਾ ਤਾਂ ਜਿਵੇਂ ਆਪਣੇ ਘਰ ਕੁੱਤਾ ਵੀ ਸ਼ੇਰ ਹੁੰਦਾ ਹੈ ਉਸ ਨੂੰ ਪਿੰਡ ਵਿੱਚ ਘੇਰਕੇ ਕਹਿੰਦੀਆਂ ਹਨ

ਸਾਵਣ ਦੇ ਮਹੀਨੇ ਪੈਂਦੀ ਤੀਆਂ ਵਿੱਚ ਧਮਾਲ ਵੇ,
ਮੁੜ ਜਾ ਸ਼ੌਕੀਨਾ ਮੈਂ ਨਹੀਂ ਜਾਣਾ ਤੇਰੇ ਨਾਲ ਵੇ.

ਤੀਆਂ ਦੇ ਅੰਤਿਮ ਦਿਨ ਸਾਰੇ ਪਿੰਡ ਵਿੱਚ ਨੱਚ-ਨੱਚ ਕੇ ਦੁੱਬ (ਹਰਾਘਾਹ) ਪੁਟਕੇ ਲਿਆਉਂਦੀਆਂ ਹਨ ਤਾਂ ਜੋ ਮੇਰੇ ਵੀਰ ਦਾ ਘਰ ਸਾਵਣ ਦੇ ਮਹੀਨੇ ਦੇ ਘਾਹ ਵਾਂਗੂ ਹਰਿਆ ਭਰਿਆ ਰਹੇ। ਭਾਦੋਂ ਦੀ ਸੰਗਰਾਂਦ ਤੋਂ ਪਹਿਲਾਂ ਰਹਿੰਦੀਆਂ ਹਨ।

'ਸਾਵਣ ਵੀਰ ਇਕੱਠੀਆਂ ਕਰੇ, ਭਾਦੋਂ ਚੰਦਰੀ ਵਿਛੋੜੇ ਪਾਵੇ।

ਅਖੀਰ ਵਿੱਚ ਕਹਿੰਦੀਆਂ ਹਨ "ਤੀਆਂ ਤੀਜ ਦੀਆਂ ਵਰ੍ਹੇ ਦਿਨਾਂ ਨੂੰ ਫੇਰ'

ਪ੍ਰੰਤੂ ਅੱਜ ਕੱਲ ਸਾਡਾ ਸਭਿਆਚਾਰ, ਵਿਰਸਾ ਬੋਹੜਾਂ ਦੀਆਂ ਛਾਵਾਂ ਹੇਠ ਨਹੀਂ ਕਲੱਬਾਂ, ਕਿੱਟੀ ਪਾਰਟੀਆਂ ਵਿੱਚ ਰੁਲਦਾ ਹੈ। ਗਿੱਧੇ ਦੀ ਥਾਂ ਡਾਂਸਰਾਂ ਨੇ ਲੈ ਲਈ ਹੈ। ਮੇਰੇ ਪੰਜਾਬ ਦੇ ਵਿਰਸੇ ਵਿੱਚ ਇਹ ਤਿਉਹਾਰ ਮੁਟਿਆਰਾਂ ਦੀਆਂ ਆਨ ਅਤੇ ਸ਼ਾਨ ਦਾ ਪ੍ਰਤੀਕ, ਮੰਨੋਰਜਨ ਦਾ ਸਾਧਨ ਹੈ ਜੋ ਅਲੋਪ ਹੋ ਰਿਹਾ ਹੈ।

**ਰਾਜਦੇਵ ਕੌਰ ਸਿੱਧੂ**
**20565, ਗਲੀ ਨੰ. 24-ਬੀ,**
**ਅਜੀਤ ਰੋਡ, ਬਠਿੰਡਾ।**
**ਸੰਪਰਕ : 99157-43701**

◆◆◆

# .ਗ਼ਜ਼ਲ ਸੱਥ

## ਖੋਹ ਖਿੰਝ ਕੇ ਸਨਮਾਨ ਲਿਆ ਤਾਂ

**ਸੁਲੱਖਣ ਸਰਹੱਦੀ**

ਆਪ ਮਿਲੇ ਤਾਂ ਦੁੱਧ ਬਰਾਬਰ, ਮੰਗ ਲਿਆ ਸੋ ਪਾਣੀ।
ਖੋਹ ਖਿੰਝ ਕੇ ਸਨਮਾਨ ਲਿਆ ਤਾਂ, ਖ਼ੂਨ ਬਰਾਬਰ ਜਾਣੀ।

ਆਪਣੇ ਐਬ ਅਸੀਂ ਵੀ ਅੱਜਕੱਲ੍ਹ, ਦੂਜਿਆਂ ਦੇ ਸਿਰ ਮੜ੍ਹੀਏ,
ਆਪਾਂ ਵੀ ਹੁਣ ਹੁੰਨੇਂ ਆਂ ਕੁਛ, ਸਾਨੂੰ ਘਟ ਨਾ ਜਾਣੀ।

ਬਹੁਤ ਕਿਤਾਬਾਂ ਪੜ੍ਹੀਆਂ ਐਪਰ, ਅਕਲ ਨਾ ਆਈ ਸਾਨੂੰ,
ਜਦ ਦੇ ਚਿਹਰੇ ਪੜ੍ਹਨੇ ਸਿੱਖੇ, ਸੁਲਝ ਗਈ ਹਰ ਤਾਣੀ।

ਮੈਂ ਹਾਂ ਯਾਰੋ ਇੱਕ ਸਮੁੰਦਰ, ਪਰ ਹਾਂ ਹੱਦਾਂ ਅੰਦਰ,
ਦਿਲ ਬਹੁਤਾ ਹੀ ਬਿਫਰੇ ਤਾਂ ਮੈਂ, ਵਹਿ ਜਾਂ ਅੱਖਾਂ ਥਾਣੀ।

ਵੇਖ ਔਰਤ ਦੋਹ ਨੂੰ ਇਕ ਥਾਂ, 'ਕੱਠੇ ਨਈਂ ਕਰ ਸਕਦੀ,
ਦਿਲ ਦੇ ਅੰਦਰ ਅਗ ਮਚਦੀ ਹੈ ਅੱਖੀਂ ਭਰਿਆ ਪਾਣੀ।

**ਪਿੰਡ ਕੋਹਾੜ, ਡਾਕਖਾਨਾ ਦੇਹਰੀਵਾਲਾ ਡਰੋਗਾ,**
**ਜ਼ਿਲ੍ਹਾ ਗੁਰਦਾਸਪੁਰ** (**ਪੰਜਾਬ**)-143518
**ਮੋ.** 94174-84337

◆◆◆

**ਪ੍ਰੋ. ਕੁਲਵੰਤ ਔਜਲਾ**

ਅਸਚਰਜ ਹੈ ਕਿ ਸੂਲੀ 'ਤੇ ਚੜ੍ਹ ਕੇ ਕੋਈ ਮੁਸਕਰਾਉਂਦਾ ਕਿਦਾਂ ਸੀ
ਸਵਾ ਸਵਾ ਲੱਖ ਨਾਲ ਇੱਕ ਨੂੰ ਗੋਬਿੰਦ ਲੜਾਉਂਦਾ ਕਿਦਾਂ ਸੀ
ਆਵੇ ਜੇ ਮੁੜਕੇ ਤਾਂ ਪੁੱਛੀਏ ਉਸ ਸੁਖਨ ਦੇ ਵਾਰਿਸ ਨੂੰ
ਹਿਜਰ ਵਿੱਚ ਡੁੱਬਕੇ ਰਾਂਝਾ ਰਾਤਾਂ ਨੂੰ ਵੰਝਲੀ ਵਜਾਉਂਦਾ ਕਿਦਾਂ ਸੀ
ਸ਼ਹਿਰੀ ਜੇਹੇ ਮੇਰੇ ਬੱਚਿਆਂ ਨੂੰ ਇਹ ਗੱਲ ਸਮਝ ਨਹੀਂ ਆਉਂਦੀ
ਆਰੇ ਦੇ ਦੰਦਿਆਂ ਨਾਲ ਮਤੀਦਾਸ ਖ਼ੁਦ ਨੂੰ ਚਿਰਵਾਉਂਦਾ ਕਿਦਾਂ ਸੀ
ਸੋਚਦਾ ਹਾਂ ਕਦੇ ਕਦੇ ਕਿ ਅਨਪੜ੍ਹ ਤੇ ਸਾਦਾ ਜਿਹਾ ਮੇਰਾ ਬਾਪ
ਖੇਤਾਂ ਦੀ ਕੁੱਖ਼ 'ਚੋਂ ਸੁਪਨੇ ਤੇ ਲੋੜਾਂ ਉਗਾਉਂਦਾ ਕਿਦਾਂ ਸੀ
ਬੇਇਤਬਾਰੇ ਤੇ ਬੇਸਬਰੇ ਇਸ ਯੁੱਗ ਦੇ ਲੋਕੀ ਕੀ ਸਮਝਣ ਕੀ ਜਾਨਣ
ਭਲੇ ਵੇਲਿਆਂ 'ਚ ਕਹੇ ਹੋਏ ਬੋਲ ਇਨਸਾਨ ਪਗਾਉਂਦਾ ਕਿਦਾਂ ਸੀ



ਆਵੇ ਜਦ ਚੇਤਾ ਤਾਂ ਬਹੁਤ ਤਰੰਗਿਤ ਹੋ ਜਾਂਦਾ ਹਾਂ ਹੁਣ ਵੀ
ਪਿੰਡ ਮੇਰੇ ਦਾ ਦੀਨਾ ਅਮਲੀ ਗਲਾਂ ਨਾਲ ਸਭ ਨੂੰ ਹਸਾਉਂਦਾ ਕਿਦਾਂ ਸੀ
ਮਿਲਿਆ ਜੇ ਵਕਤ ਤਾਂ ਮਾਂ ਨੂੰ ਪੁੱਛਕੇ ਦਸਾਂਗਾ ਬਰ-ਜ਼ਰੂਰ
ਕੱਚੇ ਜੇਹੇ ਘਰ 'ਚ ਮਿੱਟੀ ਦਾ ਦੀਵਾ ਚਾਨਣ ਫੈਲਾਉਂਦਾ ਕਿਦਾਂ ਸੀ
ਮਲਕ ਭਾਗੋਆਂ ਨੂੰ ਲਗਦਾ ਅਜੇ ਤੀਕ ਵੀ ਹਜ਼ਮ ਨਹੀਂ ਹੋਈ ਇਹ ਘਟਨਾ
ਨਾਨਕ ਫਕੀਰ ਆਪ ਚਲਕੇ ਲਾਲੋ ਦੇ ਘਰ ਆਉਂਦਾ ਕਿਦਾਂ ਸੀ
ਉਮਰ ਬੀਤ ਚੱਲੀ ਪਰ ਬੁੱਝ ਨਹੀਂ ਹੋਈ ਮੈਥੋਂ ਇਹ ਰਮਜ਼
ਜਿਗਰ ਦੇ ਟੋਟਿਆਂ ਨੂੰ ਕੋਈ ਬਾਪ ਨੀਹਾਂ 'ਚ ਚਿਣਵਾਉਂਦਾ ਕਿਦਾਂ ਸੀ
ਇਹ ਸੋਚ ਕੇ ਡਾਹਢੇ ਉਤੇਜਿਤ ਹੋ ਜਾਂਦੇ ਨੇ ਮੇਰੇ ਖ਼ਾਬ
ਸਿਰਫ਼ ਇੱਕ ਬੋਲ ਸ਼ੀਰੀ ਦਾ ਫਰਿਹਾਦ ਤੋਂ ਨਹਿਰ ਪੁਟਵਾਉਂਦਾ ਕਿਦਾਂ ਸੀ
ਆਵੇ ਜਦ ਖ਼ਿਆਲ ਤਾਂ ਖ਼ੁਦ ਹੈਰਾਨ ਹੋ ਜਾਂਦਾ ਹੈ ਕੁਲਵੰਤ
ਮਾਸੂਮ ਦਿਨਾਂ 'ਚ ਤਲੀ 'ਤੇ ਸੀਸ ਉਹ ਟਿਕਾਉਂਦਾ ਕਿਦਾਂ ਸੀ।

**97, ਮਾਡਲ ਟਾਊਨ, ਕਪੂਰਥਲਾ।**
**ਫ਼ੋਨ ਨੰ.** 01822-235343

◆◆◆

**ਸੁਖਮਿੰਦਰ ਸੇਖੋਂ**

ਸਾਹਾਂ ਤੋਂ ਸਾਹਾਂ ਤੱਕ ਦਾ ਸਫ਼ਰ ਹੋ ਗਿਆ।
ਤੇਰੇ ਘਰ ਹੁਣ ਮੇਰਾ ਮੁਕੱਦਰ ਹੋ ਗਿਆ।
ਜਲਵਾ ਤੂੰ ਦਿਖਾਇਆ ਕੁਝ ਇਸ ਤਰ੍ਹਾਂ ਕਿ,
ਜਿਊਣਾ ਸੀ ਮੁਸ਼ਕਿਲ ਹੁਣ ਆਸਾਨ ਹੋ ਗਿਆ।
ਜਦੋਂ ਵੀ ਛੇੜਿਆ ਤੇਰੇ ਹੋਠਾਂ ਨੇ ਕੋਈ ਨਗਮਾ,
ਤਾਂ ਦਿਲ ਪੱਥਰ ਪਿਘਲ ਕੇ ਮੋਮ ਹੋ ਗਿਆ।
ਸ਼ਰਤਾਂ ਨਾਲ ਆਪਣੀਆਂ ਜੀਵਿਆ ਇਵੇਂ ਕਿ ਮੈਂ,
ਜਿਵੇਂ ਬੰਦਾ ਕੋਈ ਆਦਮੀ ਤੂੰ ਖ਼ੁਦਾ ਹੋ ਗਿਆ।
ਮੁਹੱਬਤ ਨਾਲ ਆਪਣੀ ਤੂੰ ਲੁੱਟਿਆ ਕਿ ਮੁਰਦਾ ਵੀ
ਸਾਹਾਂ ਨਾਲ ਸਾਹ ਮਿਲਦਿਆਂ ਹੀ ਜ਼ਿੰਦਾ ਹੋ ਗਿਆ।
ਜ਼ੁਲਮ, ਸਿਤਮ ਤੇ ਕਹਿਰ ਤੂੰ ਢਾਹੇ ਬਹੁਤ ਕਿ,
ਲੜਨਾ ਮੇਰਾ ਨਸੀਬ ਮੇਰਾ ਕੁਰੂਖੇਤਰ ਹੋ ਗਿਆ।
ਸ਼ਬਦਾਂ ਦੀ ਜ਼ਮੀਨ ਵਾਹੁੰਦਿਆਂ ਸੇਖੋਂ ਅਜਿਹਾ ਕੀ,
ਕਿ ਸੀਸ਼ਾ ਤਿੜਕ ਕੇ ਕੱਚ ਦਾ ਸਾਮਾਨ ਹੋ ਗਿਆ।

**ਮੋ.** 98145-07693

◆◆◆

**ਪ੍ਰੋ. ਜਸਵੰਤ ਸਿੰਘ ਕੈਲਵੀ**

ਨਿਰਾਸ਼ਾ ਤੇ ਉਦਾਸੀ ਨੂੰ ਦਿਲਾਂ 'ਚੋਂ ਦੂਰ ਦੇਵੋ
ਹਨ੍ਹੇਰੀ ਰਾਤ ਛਾਈ ਜੇ, ਤੁਸੀਂ ਕੁੱਝ ਨੂਰ ਕਰ ਦੇਵੋ।

ਨਾ ਖਾਏ ਜ਼ਿੰਦਗੀ ਠੇਡੇ, ਸਫਰ ਸੌਖਾ ਬਣਾਓ ਕੁਝ,
ਵਿਛੇ ਰਾਹਾਂ 'ਚ ਰੋੜ੍ਹੇ ਜੋ ਉਹ ਚਕਨਾ ਚੂਰ ਕਰ ਦੇਵੋ।

ਨਹੀਂ ਬਰਸਾਤ ਹੋਈ ਜੇ, ਜੇ ਸੁੱਕੇ ਬਿਰਛ ਤੇ ਬੂਟੇ,
ਉਨ੍ਹਾਂ ਤੇ ਅਬਰ ਬਣ ਬਰਸੋ, ਉਨ੍ਹਾਂ ਤੇ ਫੂਹਰ ਕਰ ਦੇਵੋ।

ਨਵਾਂ ਜਜ਼ਬਾ ਦਿਲਾਂ ਅੰਦਰ ਭਰੋ ਕੁੱਝ ਖੂਨ ਦੇ ਕੁ ਹੁਣ
ਨਵੀਂ ਇੱਕ ਤਾਜ਼ਗੀ ਆਏ ਰਿਦ੍ਹੇ ਮਖ਼ਮੂਰ ਕਰ ਦੇਵੋ।

ਬਹਾਰਾਂ ਨੂੰ ਬੁਲਾਓ ਹੁਣ, ਚਮਨ 'ਚ ਰੌਣਕਾਂ ਪਰਤਣ,
ਖਿਜ਼ਾਵਾਂ ਹਰਨ ਹੋ ਜਾਨਣ, ਤੁਸੀਂ ਮਜਬੂਰ ਕਰ ਦੇਵੋ।

ਬਿਖ਼ਰ ਜਾਏ ਨਾ ਖਾ ਠੋਕਰ, ਕਰੋ ਕੁਝ ਅਜ਼ਮ ਨੂੰ ਪੁਖ਼ਤਾ,
ਜਗਾਓ ਹਰ ਬਸ਼ਰ ਤਾਈਂ, ਅਮਲ ਦਾ ਸੂਰ ਕਰ ਦੇਵੋ।

ਵਤਨ ਦੇ ਆਸ਼ਕੋ ਆਓ, ਤਰਾਨਾ ਕੈਲਵੀ ਗਾਓ
ਇਦ੍ਹੀ ਮਿੱਟੀ ਦਾ ਹਰ ਕਿਣਕਾ ਹੀ ਕੋਹੇ ਨੂਰ ਕਰ ਦੇਵੋ।

118/5 **ਸ੍ਰੀ ਗੁਰੂ ਅਰਜਨ ਦੇਵ ਨਗਰ**
**ਫਿਰੋਜ਼ਪੁਰ ਸ਼ਹਿਰ** 152002
**ਸੰਪਰਕ** : 98783-81474

◆◆◆

**ਪ੍ਰਤਾਪ 'ਪਾਰਸ' ਗੁਰਦਾਸਪੁਰ**

ਅੱਖ ਮਿਲਾ ਕੇ ਕਹਿ ਖਾਂ ਜੇ ਤੂੰ ਸੱਚਾ ਏਂ,
ਮੂੰਹ ਏਧਰ ਕਰ ਬਹਿ ਖਾਂ ਜੇ ਤੂੰ ਸੱਚਾ ਏਂ।

ਕਿਉਂ ਜੱਫ਼ੀ ਇਹ ਤੇਰੀ ਹੋਗੀ ਢਿੱਲੀ ਜਈ,
ਇਹ ਜੱਫੀ ਘੁੱਟ ਲੈ ਖਾਂ ਜੇ ਤੂੰ ਸੱਚਾ ਏਂ।

ਉੱਚੀਆਂ-ਨੀਵੀਆਂ ਵੀ ਤੂੰ ਲੱਖਾਂ ਸਹਿੰਦਾ ਸੀ,
ਮੈਂ ਵੇਖਾਂ ਹੁਣ ਸਹਿ ਖਾਂ ਜੇ ਤੂੰ ਸੱਚਾ ਏਂ।

ਰੁੱਤਬੇ ਆਹੁੱਦੇ ਭੁੱਲਕੇ ਕਦਮੀਂ ਢਹਿੰਦਾ ਸੀ,
ਅੱਜ ਵੀ ਕਦਮੀਂ ਢਹਿ ਖਾਂ ਜੇ ਤੂੰ ਸੱਚਾ ਏਂ।

ਮੇਰੇ ਪਿੰਡ ਦੀਆਂ ਰਾਹਾਂ ਤੈਨੂੰ ਭੁੱਲ ਗਈਆਂ,
ਉਹ ਰਾਹਾਂ 'ਤੇ ਪੈ ਖਾਂ ਜੇ ਤੂੰ ਸੱਚਾ ਏਂ।

ਮੇਰੀ ਖ਼ਾਤਰ ਪਰਬੱਤ ਦੇ ਨਾਲ ਖਹਿੰਦਾ ਸੈਂ,
ਨਾਲ ਜ਼ਮਾਨੇ ਖਹਿ ਖਾਂ ਜੇ ਤੂੰ ਸੱਚਾ ਏਂ।

ਪਾਰਸ ਦੇ ਨਾਲ ਲੱਗਿਆਂ ਸੋਨਾ ਬਣਦਾ ਏ,
ਟਿਕਿਆ 'ਪਾਰਸ' ਰਹਿ ਖਾਂ ਜੇ ਤੂੰ ਸੱਚਾ ਏਂ।

**ਹਰਦੋਛੰਨੀ ਰੋਡ ਪ੍ਰੇਮ ਨਗਰ** 787/10
**ਨੇੜੇ ਮਹਿਤਾ ਪੀਸੀਓ,**
**ਗੁਰਦਾਸਪੁਰ।**
**ਸੰਪਰਕ** : 09988811681

◆◆◆

**ਮਹਿੰਦਰ ਮਾਨ ਰੱਕੜਾਂ ਢਾਹਾਂ**

ਕਿਸੇ ਨੇ ਸਾਥ ਸਾਡਾ ਨਾ ਨਿਭਾਇਆ ਮੁਸ਼ਕਿਲਾਂ ਅੰਦਰ,
ਜ਼ਿਕਰ ਫਿਰ ਛੇੜੀਏ ਕਿਸ ਦਾ ਅਸੀਂ ਹੁਣ ਮਹਿਫ਼ਲਾਂ ਅੰਦਰ।
ਬਿਨਾਂ ਸੋਚੇ ਇਨ੍ਹਾਂ ਨੂੰ ਜਾਵੇ ਖਾਈ ਹਰ ਕੋਈ ਅੱਜ ਕੱਲ੍ਹ,
ਕੋਈ ਕੀ ਜਾਣੇ ਮਿਲਿਆ ਹੋਇਐ ਕੀ ਗੋਲੀਆਂ ਅੰਦਰ।
ਪਤਾ ਹੈ ਸਿਰਫ ਕਾਮੇ ਨੂੰ ਹੀ ਕਿੰਨੀ ਧੁੱਪ ਹੈ ਬਾਹਰ,
ਉਨ੍ਹਾਂ ਨੂੰ ਕੀ ਪਤਾ ਜੋ ਬੈਠੇ ਨੇ ਆਪਣੇ ਘਰਾਂ ਅੰਦਰ।
ਅਜਾਈਂ ਪਾਣੀ ਸੁੱਟਣ ਵਾਲੇ ਨਾ ਮੁਲ ਜਾਣਦੇ ਇਸ ਦਾ
ਇਦ੍ਹਾ ਮੁਲ ਜਾਣਦੇ ਜੋ ਰਹਿੰਦੇ ਨੇ ਮਾਰੂਥਲਾਂ ਅੰਦਰ।
ਤੁਹਾਡੇ ਕੋਲੋਂ ਜੇ ਗਲਤੀ ਹੋਈ ਹੈ ਤਾਂ ਕਰਿਉ ਮੁੜ ਨਾ,
ਕਿਤੇ ਮਰ ਹੀ ਨਾ ਜਾਇਉ ਦੋਸਤੋ, ਪਛਤਾਵਿਆਂ ਅੰਦਰ।
ਮਨੁੱਖਾਂ ਤੋਂ ਉਹ ਅੱਗੇ ਲੰਘ ਗਈਆਂ ਨੇ ਹਰਿਕ ਪਾਸੇ,
ਬੱਲੇ ਨੇ ਦੀਵੇ ਹਿੰਮਤ ਦੇ ਜਦੋਂ ਤੋਂ ਔਰਤਾਂ ਅੰਦਰ।
ਉਨ੍ਹਾਂ ਤੇ ਰਹਿਮਤਾਂ ਦਾ ਮੀਂਹ ਵਰਸੇ ਕਿਸ ਤਰ੍ਹਾਂ 'ਮਾਨਾ'
ਖੁਦਾ ਦੇ ਵਾਸਤੇ ਥਾਂ ਨ੍ਹੀ ਜਿਨ੍ਹਾਂ ਦੇ ਹਿਰਦਿਆਂ ਅੰਦਰ।

**ਸੰਪਰਕ** : 99158-03554

**ਕੁਲਦੀਪ ਕੌਰ ਚੱਠਾ**



ਨਾ ਜਿੱਤਾਂ ਨਾ ਹਾਰਾਂ ਦੀ
ਕਰਿਆ ਕਰ ਗੱਲ ਪਿਆਰਾਂ ਦੀ
ਨਾ ਤੂੰ ਝੜੀ ਲਗਾਇਆ ਕਰ
ਨਿੱਤ ਨਵੇਂ ਤਕਰਾਰਾਂ ਦੀ।
ਬਹਿਸ ਛੇੜ ਨਾ ਕੱਢਿਆ ਕਰ
ਸੁਹਣੀ ਰੁੱਤ ਬਹਾਰਾਂ ਦੀ
ਸੁੱਖ-ਸ਼ਾਂਤੀ ਮੰਗਿਆ ਕਰ
ਵਸਦੇ ਘਰ ਪਰਿਵਾਰਾਂ ਦੀ
ਪਰਖ ਹੋਈ ਹੈ ਕਠਿਨ ਸਮੇਂ
ਮਿੱਤਰਾਂ, ਰਿਸ਼ਤੇਦਾਰਾਂ ਦੀ।
ਛੱਡੋ ਭਾਸ਼ਾ ਨੇਤਾ ਜੀ,
ਤ੍ਰਿਸ਼ੂਲਾਂ, ਤਲਵਾਰਾਂ ਦੀ।
ਤੂਤੀ ਬੋਲ ਰਹੀ ਅੱਜ ਕੱਲ੍ਹ
ਮੱਕਾਰਾਂ, ਗਦਾਰਾਂ ਦੀ।
ਹਰ ਕੋਈ ਭੁੱਲ ਫਰਜ਼ਾਂ ਨੂੰ
ਕਰਦੈ ਗੱਲ ਅਧਿਕਾਰਾਂ ਦੀ।
ਵੇਖ ਸਾਦਗੀ 'ਚੱਠਾ' ਦੀ
ਧੌਣ ਝੁਕੇ ਸ਼ਿੰਗਾਰਾਂ ਦੀ

**ਸੰਪਰਕ : 94656-52316**
**ਗੋਬਿੰਦਪੁਰ (ਪਾਇਲ) ਲੁਧਿਆਣਾ**

◆◆◆



# ਕਾਵਿ ਸੰਸਾਰ

## ਧੀਆਂ

**ਜਗਜੀਤ ਸਿੰਘ ਗੁਰਮ**



ਇਹ ਕਵਿਤਾਵਾਂ
ਚਿੜ੍ਹੀਆਂ ਕੁੜੀਆਂ
ਜਦ ਵੀ ਕਿਧਰੇ
ਕੱਠੀਆਂ ਜੁੜੀਆਂ।
ਸਭੇ ਆਪਣਾ ਦੁਖ ਸੁਨਾਵਣ
ਤੁਰਈਆਂ, ਫੇਰ ਕਦੋਂ ਨੇ ਮੁੜੀਆਂ
ਸਿਤਮ ਕੋਈ ਜਦ ਧੀ 'ਤੇ ਹੋਵੇ।
ਧੀ ਹੀ ਕੱਲੀ
ਪੀੜ ਪਰੋਵੇ।
ਧੀਹ ਕੱਲੀ
ਆਪਾ ਖੋਵੇ।
ਪੂਰੀ ਪੂਰੀ
ਅੱਖੋਂ ਚੋਵੇ।
ਕੋਈ ਨਾ ਉਹਦੇ
ਕੋਲ ਖਲੋਵੇ।
ਕਵਿਤਾ ਉਹਦਾ
ਦੁੱਖੜਾ ਰੋਵੇ।
ਆਪਣਾ ਆਪ
ਬਚਾਉਂਦੀ ਫਿਰਦੀ
ਚੰਦਰੇ ਜੱਗ ਦੀਆਂ
ਨੀਤਾਂ ਬੁੜ੍ਹੀਆਂ।
ਇਹ ਕਵਿਤਾਵਾਂ
ਚਿੜ੍ਹੀਆਂ ਕੁੜੀਆਂ।
ਇਨ੍ਹਾਂ ਦੇ ਸੰਗ
ਵੱਸਦੇ ਵਿਹੜੇ।
ਇਨ੍ਹਾਂ ਦੇ ਸੰਗ
ਖੁਸ਼ੀਆਂ ਖੇੜੇ।

ਕਿਉਂ? ਇਨ੍ਹਾਂ ਦੇ
ਜ਼ਖਮ ਨੇ ਛੇੜੇ।
ਕਿਉਂ? ਇਨ੍ਹਾਂ ਲਈ
ਬੂਹੇ ਭੇੜੇ।
ਇਹਨਾਂ ਖਾਤਰ
ਕਾਹਦੇ ਝੇੜੇ।
ਕੁਦਰਤ ਵਾਂਗੂੰ
ਸਭ ਦੇ ਨੇੜੇ।
ਸੁਣ ਵੇ ਲੋਕ
ਕਰ ਕੋਈ ਚਾਰਾ
ਕਿਉਂ? ਲਾਲਚ ਸੰਗ
ਧੀਆਂ ਰੁੜੀਆਂ।
ਇਹ ਕਵਿਤਾਵਾਂ
ਚਿੜੀਆਂ ਕੁੜੀਆਂ।
ਧੀਆਂ ਲਈ ਦਿਨ
ਠੰਢੇ ਤੱਤੇ।
ਧੀਆਂ ਤਾਈਂ
ਖੈਰਾਂ ਸੱਤੇ।
ਧੀਆਂ ਨੇ ਜਦ
ਚਰਖੇ ਕੱਤੇ।
ਮਾਪਿਆਂ ਕਿਸੇ
ਸੁਨੇਹੇ ਘੱਤੇ।
ਧੀਆਂ ਦੇ ਸਿਰ
ਸਾਲੂ ਰੱਤੇ।
ਧੀਆਂ ਸੰਗ
ਸਰੀਂਹ ਦੇ ਪੱਤੇ।
ਜਦ ਵੀ ਆਵਣ
ਦਰਦ ਮਿਟਾਵਣ
'ਗੁਰਮਾ' ਇਹ
ਦੁਖ ਦਾਰੂ ਪੁੜੀਆਂ।
ਇਹ ਕਵਿਤਾਵਾਂ
ਚਿੜੀਆਂ ਕੁੜੀਆਂ।

ਸੰਪਰਕ : 94147-01668



# ਸਬਰ ਦੇ ਪਿਆਲੇ ਨੂੰ ਊਣਾ ਹੀ ਰਹਿਣ ਦੇ

**ਪੋਰਿੰਦਰ ਕੁਮਾਰ**



ਬੰਦ ਮੁੱਠੀ ਦਾ ਰਾਜ਼, ਰਾਜ਼ ਹੀ ਰਹਿਣ ਦੇ,
ਹਯਾ ਦੇ ਪਰਦੇ ਨੂੰ ਨੀਵਾਂ ਹੀ ਰਹਿਣ ਦੇ।
ਕਬਰ ਪੁੱਟਣ ਦਾ ਮਨ ਜੇ ਹੈ ਤਾਂ ਤਿਆਗ ਦਹੇ,
ਦੱਬੇ ਹੋਏ ਮੁਰਦੇ ਨੂੰ ਦੱਬਿਆ ਹੀ ਰਹਿਣ ਦੇ।
ਦੇਖੀਂ ਨਾ ਛੇੜੀਂ, ਜਾਗ ਪਿਆ ਤਾਂ ਧੋਖਾ ਹੀ ਦੇਊ,
ਨਫ਼ਰਤ ਦੇ ਨਾਗ ਨੂੰ ਸੁੱਤਾ ਹੀ ਰਹਿਣ ਦੇ।
ਸਿਰਫ ਦੇਖੀਂ ਨਾਂ ਤੋੜੀਂ ਫੁਲਾਂ ਨੂੰ ਸੋਹਣੇ ਲੱਗਦੇ ਨੇ,
ਖ਼ੁਸ਼ਬੂ ਦੇ ਚਮਨ ਨੂੰ ਮਹਿਕਦਾ ਹੀ ਰਹਿਣ ਦੇ।
ਸੱਚ ਕਹਿਣ ਦਾ ਇਰਾਦਾ ਜੇ ਕੀਤਾ ਹੈ ਮਨ ਵਿੱਚ,
ਫੇਰ ਝੂਠ ਤੋਂ ਦਾਮਨ ਛੁਟਿਆ ਹੀ ਰਹਿਣ ਦੇ।
ਮਾਯਾ, ਚੌਧਰ ਦੇ ਲਾਲਚ ਵਿੱਚ ਘਿਰ ਗਿਆ ਪੋਰਿੰਦਰ
ਸਬਰ ਦੇ ਪਿਆਲੇ ਨੂੰ ਊਣਾ ਹੀ ਰਹਿਣ ਦੇ।

**#102, ਗਰੀਨ ਐਵਨਿਊ,**
**ਬੀਬੀ ਵਾਲਾ ਰੋਡ ਬਠਿੰਡਾ**
**ਸੰਪਰਕ** : 95010-00276

◆◆◆

# ਜਦੋਂ ਜਮ ਜਮ ਘਰ

**ਕੇਵਲ ਮਾਣਕਪੁਰੀ**

ਜਿੰਦ ਬਿਰਹਾ ਚੁਣ ਚੁਣ ਹਾਰੀ ਏ,
ਇਹ ਰੀਝਾਂ ਸੰਗ ਸ਼ਿੰਗਾਰੀ ਏ,
ਇਹ ਦਾ ਰੂਪ ਤਿੱਲੇ ਦੀ ਧਾਰੀ ਏ,
ਕਦੇ ਆ ਤੱਤੜੀ ਦੇ ਵਿਹੜੇ।
ਜਦੋਂ ਜੰਮ ਜੰਮ ਤੂੰ ਘਰ ਆਵੇਗਾ।
ਸਭ ਸਜ ਜਾਣ ਵਿਹੜੇ ਖੇੜੇ।
ਤੇਰੀ ਆਮਦ ਤੇ ਫੁੱਲ ਬਰਸਣਗੇ।
ਜਿੰਦ ਕੋਮਲ ਹਾਸੇ ਕਲੀਆਂ ਦੇ
ਹੋਠੀਂ ਮੁਸਕਾਨਾਂ ਪਲੀਆਂ ਦੇ।
ਨੈਣਾਂ ਦਿਆਂ ਛੱਲਿਆ-ਛਲੀਆਂ ਦੇ।
ਜਿਉਂ ਤਲਮੇ ਮਹਿੰਦੀ ਤਲੀਆਂ ਦੇ

ਬਲ ਹੋਣ ਕੰਧਾਰੀ ਬਲੀਆਂ ਦੇ।
ਰਾਤਾਂ ਨੇ ਝੂਮਰ ਪਾ ਲੈਣੀ।
ਮੇਰੀ ਜਿੰਦ ਦੇ ਚਾਰ ਚੁਫੇਰੇ।
ਤੇਰੀ ਆਮਦ ਤੇ ਫਲ ਬਰਸਣਗੇ
ਕਦੇ ਆ ਤੱਤੜੀ ਦੇ ਵਿਹੜੇ।
ਤੱਕ ਫ਼ੱਬਤ ਜੋਬਨ ਲਹਿਰਾਂ ਦੀ
ਚੇਤਰ ਮਾਹ ਸਿੱਖਰ ਦੁਪਹਿਰਾਂ ਦੀ
ਸੱਸੀ ਦੇ ਨਾਜ਼ਕ ਪੈਰਾਂ ਦੀ
ਸੁਰ ਸੰਗੀਤ ਦੀਆਂ ਮਿੱਠੀਆਂ ਬਹਿਰਾਂ ਦੀ।
ਕਿਤੇ ਮੰਨਤ ਸਿਰ ਦੀਆਂ ਖੈਰਾਂ ਦੀ
ਆ ਹੋ ਜਾਣ ਸਭ ਨਿਬੇੜੇ।
ਤੇਰੀ ਆਮਦ ਤੇ ਫੁੱਲ ਬਰਸਣਗੇ।
ਕਦੇ ਆ ਤੱਤੜੀ ਦੇ ਵਿਹੜੇ।
ਪੌਣਾਂ ਹੱਸਣਗੀਆਂ ਤੇ ਗੌਣਗੀਆਂ।
ਦਰ ਆਵੇਂ ਤੇਲ ਚਵਾਂਉਣਗੀਆਂ।
ਤੇਰੀ ਸ਼ੋਭਾ ਆਪ ਵਧਾਉਣਗੀਆਂ।
ਤੇ ਧਰਤੀ ਨੂੰ ਸਵਰਗ ਬਨਾਉਣਗੀਆਂ।
ਆਸਾਂ ਦੇ ਦੀਪ ਜਗਾਉਣ ਗੀਆਂ
ਕਦੇ ਆ ਬਹਿ ਦਿਲ ਦੇ ਨੇੜੇ।
ਕਿਤੇ ਆ ਤੱਤੜੀ ਦੇ ਵਿਹੜੇ।
ਮਨ ਮੁੰਦਰੀ ਵਿੱਚ ਨਗੀਨਾਂ ਏਂ।
ਜਿਵੇਂ ਸਜੇ ਕਬੂਤਰ ਚੀਨਾਂ ਏਂ।
ਤੀਆਂ ਦਾ ਸੌਣ ਮਹੀਨਾ ਏਂ।
ਸਜ ਧਜ ਬਹਿ ਨੀਂ ਰਾਤ ਹਸੀਨਾ ਏਂ।
ਸੋਜਾ ਦੀ ਕਰਮ ਕਰੀਨਾ ਏਂ।
ਸੋਚਾਂ ਦੇ ਸਿੱਦਕ ਘਨੇਰੇ
ਤੇਰੀ ਆਮਦ ਤੇ ਫੁੱਲ ਬਰਸਣਗੇ।
ਕਦੇ ਆ ਤੱਤੜੀ ਦੇ ਵਿਹੜੇ।

**#2256/40 ਸੀ**
**ਚੰਡੀਗੜ੍ਹ, 160036 99158-45184**

◆◆◆



# ਯਾਦ ਮਾਂ ਦੀ

**ਅਜੀਤ ਸਿੰਘ ਰਾਹੀ**



ਯਾਦ ਆਈ ਅੱਜ ਤੇਰੀ ਮਾਂ।
ਸੀ ਬੂਟੇ ਦੀ ਠੰਡੀ ਛਾਂ।
ਚੇਤੇ ਆਏ ਲਾਡ ਲਡਾਏ,
ਗਿੱਲੇ ਪੈ ਕੇ ਸੁੱਕੇ ਪਾਏ।
ਗੋਦੀ ਚੁੱਕ ਖੇਤਾਂ ਨੂੰ ਜਾਵੇ,
ਮੂੰਹ ਵਿੱਚ ਤੋੜ ਬੁਰਕੀਆਂ ਪਾਵੇ।
ਤੜਕੇ ਉਠਕੇ ਚੱਕੀ ਝੋਵੇਂ,
ਸਾਰੀ ਗਰਮੀ ਗਰਮੀ ਹੋਵੇ।
ਟੱਬਰ ਜੋਗਾ ਪੀਂਹਦੀ ਆਟਾ,
ਕਦੇ ਨਾ ਹੋਇਆ ਘਰ ਵਿੱਚ ਘਾਟਾ।
ਸਾਗ ਚੀਰ ਕੇ ਤਪਲੇ ਪਾਵੇਂ
ਮੱਕੀ ਰੋਟੀ ਨਾਲ ਪਕਾਵੇ।
ਦੁੱਧ ਰਿੜਕ ਕੇ ਮੱਖਣ ਕੱਢੇ
ਸਾਗ 'ਚ ਪਾਉਂਦੇ ਛੋਟੇ ਵੱਡੇ
ਬਲਦਾਂ ਨੂੰ ਤੂੰ ਕੱਖ ਵੀ ਪਾਵੇ,
ਉਠ ਬਾਪੂ ਹਲ ਜੋੜਣ ਜਾਵੇ।
ਮਾਂ ਕਿੰਨੇ ਤੈਂ ਕਸਟ ਸਹਾਰੇ,
ਤੈਥੋਂ ਜਾਵਾਂ ਮੈਂ ਬਲਿਹਾਰੇ,
ਮਾਂ ਨੇ ਮਾਰੀ ਜਦੋਂ ਉਡਾਰੀ,
ਉਜੜੀ ਮੇਰੀ ਦੁਨੀਆ ਸਾਰੀ।
ਕੀਹਨੂੰ ਦਿਲ ਦਾ ਦਰਦ ਸੁਣਾਵਾਂ,
ਕਿੱਥੇ ਮਾਂ ਨੂੰ ਟੋਹਲਣ ਜਾਵਾਂ।
ਮਾਂ ਬਿਨਾਂ ਮੁਰਝਾਏ ਬੂਟੇ,
ਕਿਵੇਂ ਲਵਾਂ ਮੈਂ ਅੰਬਰੀ ਝੂਟੇ।
ਮਾਂ ਜਿਹਾ ਨਾ ਬੂਟਾ ਕੋਈ
ਮਾਂ ਸੁਰਗਾ ਦਾ ਝੂਟਾ ਕੋਈ।

**ਮਕਾਨ ਨੰ. 12 ਗਲੀ ਨੰ. 1**
**ਗੁਰਮੱਤ ਕਲੋਨੀ ਨੇੜੇ ਸੂਲਰ ਚੌਂਕ, ਪਟਿਆਲਾ**
**ਸੰਪਰਕ : 98729-31704**

*ਪੰਜਾਬੀ ਵਿਰਸੇ ਨੂੰ ਸਮਰਪਿਤ*

# ਚੁੰਨੀ



ਵਾਹਵਾ ਤੇਰੀ 'ਚੁੰਨੀ' ਨੂੰ ਸਤਾਰੇ ਲਾਏ ਨੇ।
ਨਹੀਉਂ ਥੋੜ੍ਹੇ ਘਣੇ ਬਹੁਤ ਸਾਰੇ ਲਾਏ ਨੇ।
ਨੀ ਏਵੇਂ ਤੇਰੀ 'ਚੁੰਨੀ' ਨੂੰ ਸਤਾਰੇ ਸੱਜਦੇ।
ਜਿਵੇਂ ਰਾਤ ਨੂੰ ਅੰਬਰ 'ਤੇ ਤਾਰੇ ਫੱਬਦੇ।
ਆਲੇ ਤੇ ਦੁਆਲੇ ਲਗੀ ਆ ਕਿਨਾਰੀ।
ਤੇਰੀ 'ਚੁੰਨੀ' ਨੂੰ ਕਿਨਾਰੀ ਬੜੀ ਲਗਦੀ ਪਿਆਰੀ।
ਤੂੰ ਅਤੇ 'ਚੁੰਨੀ' ਜਿੰਦ ਸੂਲੀ ਟੰਗੇਂਗੀ।
ਚੋਬਰਾਂ ਦੀ ਢਾਣੀ ਕੋਲੋਂ ਜਦੋਂ ਲੰਘੇਗੀ।
ਕੱਲ੍ਹਾ ਕੱਲ੍ਹਾ ਜੋ ਸਿਤਾਰਾ ਨਾਲ ਚਾਵਾਂ ਜੜਿਆ।
ਰੂਪ ਚਿੱਟੀ 'ਚੁੰਨੀ' ਉੱਤੇ ਤਾਂ ਹੀ ਚੜਿਆ।
ਤੇਰੀ 'ਚੁੰਨੀ' ਸੱਖੀਏ ਨੀ ਸਜਾਈ ਬੜੀ ਸਾਰੀ।
ਲੱਗੀ ਜਿਹੜੀ ਏ ਕਿਨਾਰੀ ਰੰਗ ਉਹਦਾ ਗੁਲਾਨਾਰੀ।
ਕੀਤੀ ਬੜੇ ਸ਼ੌਕ ਨਾਲ 'ਚੁੰਨੀ' ਏ ਤਿਆਰ।
ਚਹੁੰ ਨੁੱਕਰਾਂ ਤੇ ਲੱਗੇ ਘੁੰਗਰੂ ਵੀ ਚਾਰ।
ਕੀਤੀ ਆਪਣੇ ਤੇ ਵੱਲੋਂ ਉਸ ਮੀਨਾਕਾਰੀ ਆ
ਕੌਡੀ ਇਕ ਇਕ ਫੁੰਮਣ ਇਕ ਇਕ ਲਾਇਆ।
ਕਿਆ ਤੇਰੀ 'ਚੁੰਨੀ' ਦਾ ਟੋਹਰ ਹੈ ਬਣਾਇਆ।
'ਚੁੰਨੀ ਦਾ ਤੂੰ ਰੱਖੀਂ ਨੀ ਦਿਲਬਰ ਤੂੰ ਮਾਣ।
ਨੀ ਤੇਰੇ ਹਰਜਸ ਵੱਲੋਂ ਚੁੰਨੀ ਤੈਨੂੰ ਸਨਮਾਨ।

**ਹਰਜਸ ਦਿਲਬਰ**
**ਸੰਜੇ ਗਾਂਧੀ ਕਲੋਨੀ (ਅੰਮ੍ਰਿਤਸਰ)**

◆◆◆

# ਨਿਰਭੈਅ ਲੜਕੀ

**ਪੋਰਿੰਦਰ ਸਿੰਗਲਾ**

ਉਹ ਨਿਰਭੈਅ ਸੀ ਇਕ ਆਮ ਲੜਕੀ
ਮਹੱਤਵ ਪੂਰਨ ਨਾ ਅਤੀ ਮਹੱਤਵ ਪੂਰਨ
ਕਿਸੇ ਛੋਟੇ ਨਾ ਕਿਸੇ ਵੱਡੇ ਨੇਤਾ ਦੀ ਲੜਕੀ
ਜਿਸ ਵੱਲ ਝਾਕਣ ਤੇ ਸ਼ਾਇਦ



ਅੱਖ ਵਿਚ ਹੀ ਗੋਲੀ ਮਾਰ ਦਿਤੀ ਜਾਂਦੀ
ਬਾਲਗ ਜਾਂ ਨਾਬਾਲਗ
ਸ਼ਾਇਦ ਇਸ ਕਾਨੂੰਨ ਦੀ ਲੋੜ ਹੀ ਨਾ ਪੈਂਦੀ
ਕੋਈ ਫਾਂਸੀ ਮੰਗਦਾ ਨਾ ਕਿਸੇ ਨੂੰ
ਸੜਕਾਂ ਤੇ ਆਉਣ ਦੀ ਲੋੜ ਪੈਂਦੀ
ਪੁਲਿਸ ਬੇਹੱਦ ਮੁਸਤੈਦ ਹੁੰਦੀ
ਲੋਕਾਂ ਦੇ ਸੁਨਣ ਤੋਂ ਪਹਿਲਾਂ ਹੀ
ਸ਼ਾਇਦ ਇਨਸਾਫ਼ ਹੋ ਚੁਕਿਆ ਹੁੰਦਾ
ਐਨੀ ਵੱਡੀ ਗਲਤੀ ਕਰ ਕੇ ਵੀ
ਫਾਂਸੀ ਲਟਕਣ ਦੇ ਸੁਪਨੇ ਲੈਣ ਲਈ
ਪਹਿਲਾਂ ਬਾਲਗ ਹੋਣਾ ਜਰੂਰੀ ਹੈ
ਇਹ ਇੱਕ ਕਾਨੂੰਨ ਬੋਲਦਾ ਹੈ
ਬਸ਼ਰਤੇ ਭੁਗਤ ਭੋਗੀ ਆਮ ਹੋਵੇ
ਕਾਰਵਾਈ ਹੁੰਦੀ ਹੈ
ਪਰੰਤੂ
ਆਮ ਲੋਕਾਂ ਦੇ ਇਕੱਠੇ ਹੋਣ
ਅਤੇ ਕਥਿਤ ਵਿਰੋਧੀ ਪਾਰਟੀਆਂ ਦੇ
ਡਰਾਮੇ ਭਰੇ ਬਿਆਨਾਂ ਅਤੇ
ਅਸਤੀਫ਼ਿਆਂ ਦੀ ਮੰਗ ਤੋਂ ਬਾਦ
ਇੱਕ ਹੋਰ ਕਾਨੂੰਨ ਆਗਿਆ ਦਿੰਦਾ ਹੈ
ਲਾਲ ਬੱਤੀ ਵਾਲੀ ਗੱਡੀ ਦੇ ਸਵਾਰ ਨੂੰ
ਕਿਸੇ ਲਤਾੜੇ ਬੇਸਹਾਰਾ ਵੱਲੋਂ
ਸਿਰਫ਼ ਰੋਹ ਨਾਲ ਤੱਕਣ ਦੀ
ਗੁਸਤਾਖੀ ਦੀ ਸਜਾ
ਕਾਨੂੰਨ ਦੇ ਰਾਖਿਆਂ ਦੇ ਪੁੱਜਣ ਤੋਂ ਪਹਿਲਾਂ ਹੀ
ਮੌਕੇ ਤੇ ਮੌਜੂਦ ਹਮਦਰਦਾਂ ਵਲੋਂ
ਭੁਗਤਾ ਦੇਣ ਦੀ ਜੋ ਉਮਰ ਕੈਦ ਜਾਂ
ਫਾਂਸੀ ਤੋਂ ਵੀ ਵਧ ਕੇ
ਉਮਰ ਭਰ ਫ਼ਾਂਸੀ ਲਟਕਣ ਦੇ
ਬਰਾਬਰ ਹੋ ਸਕਦੀ ਹੈ ਜਾਂ
ਦੁਨੀਆਂ ਤੋਂ ਰੁਖ਼ਸਤ ਹੋਣ ਦੀ
ਮਜਬੂਰੀ ਵੀ
ਮੌਕੇ ਦੇ ਕਥਿਤ ਹਮਦਰਦ

ਅਣਪਛਾਤੇ ਹੀ ਰਹਿੰਦੇ ਨੇ
ਨਿਰਭੈਯਾ ਹਮੇਸ਼ਾ ਜ਼ਿੰਦਾ ਰਹੇਗੀ
ਜ਼ਿੰਦਾ ਲੋਕਾਂ ਦੀ ਜ਼ਮੀਰ
ਜਦ ਤੱਕ ਜਾਗਦੀ ਰਹੇਗੀ

◆◆◆

## ਅਸੂਲਾਂ ਦੀ ਲੜਾਈ

ਕਾਨੂੰਨ ਚੱਬਦੇ
ਨਿਗਲਦੇ
ਤੇ
ਹਜ਼ਮ ਕਰਦੇ
ਲੋਕਾਂ ਦੇ ਖਿਲਾਫ਼
ਉੱਠ ਖਲੋਣਾ
ਤੇ
ਫਿਰ ਲੜਨਾ
ਕੋਈ ਮਜ਼ਾਕ ਨਹੀਂ।

ਅਜਿਹੇ ਵੇਲੇ
ਗੱਲ ਜਿੱਤਣ ਜਾਂ ਹਾਰਨ ਦੀ ਨਹੀਂ,
ਸਗੋਂ
ਵਧੀਕੀਆਂ ਦੇ ਖ਼ਿਲਾਫ਼
ਉੱਠ-ਖਲੋਣ
ਤੇ ਲੜਨ ਦੀ ਹੁੰਦੀ ਹੈ।

ਬੜਾ ਸਿਦਕ ਦਾ ਕੰਮ ਹੋਇਆ ਕਰਦੈ ਇਹ
ਕਿ-
ਤੁਸੀਂ ਲੜ ਰਹੇ ਹੁੰਦੇ ਹੋ
ਇਕੱਲੇ
ਤੇ
ਉਹ ਵੀ
ਬਿਨਾਂ ਜਿੱਤ ਹਾਰ ਦੀ ਪਰਵਾਹ ਕੀਤਿਆਂ।

**ਬਚਨ ਸਿੰਘ ਗੁਰਮ**
**ਮਕਾਨ ਨੰ. 538, ਗਲੀ ਨੰ. 10, ਘੁਮਾਣ ਨਗਰ-ਏ**
**ਸਰਹਿੰਦ ਰੋਡ, ਪਟਿਆਲਾ, ਮੋਬਾ. 98723-61424**



## ਗੀਤ



ਅਸੀਂ ਜ਼ਿੰਦਗੀ 'ਚ ਵੇਖੇ ਕਈ ਯਾਰ ਅਣਮੁੱਲੇ
ਕਿੰਨੇ ਪਿੱਠ ਤੇ ਚਲਾਈਆਂ ਕਿੰਨੇ ਸਾਡੇ ਨਾਲ ਤੁੱਲੇ।
ਵੇਖੇ ਬੁਲੀਆਂ ਤੇ ਹਾਸੇ ਰਹੇ ਦਿਲਾਂ ਤਾਈਂ ਚੋਰ
ਸਦਾ ਆਪਣੇ ਡੁਬਾਉਂਦੇ ਹੁੰਦੇ ਗੈਰਾਂ 'ਚ ਕੀ ਜ਼ੋਰ।

ਸੱਚ ਕਹਿੰਦੇ ਨੇ ਸਿਆਣੇ ਬਾਂਹਵਾਂ ਟੁੱਟ ਗੱਲ ਪੈਣ
ਇਹ ਤਾਂ ਹੱਸਦੇ ਨੂੰ ਭਾਉਂਦੇ ਮੁੜ ਸਾਰ ਵੀ ਨਾ ਲੈਣ।
ਹੱਥੀਂ ਚਾੜ੍ਹ ਕੇ ਇਹ ਗੁੱਡੀ ਪਿੱਛੋਂ ਦਿੰਦੇ ਕੱਟ ਡੋਰ,
ਸਦਾ ਆਪਣੇ ਡੁਬਾਉਂਦੇ ਹੁੰਦਾ ਗੈਰਾਂ 'ਚ ਕੀ ਜ਼ੋਰ।

ਸਾਨੂੰ ਰੱਖ ਅੱਧ ਵਾਟੇ ਬੈਠੇ ਮਹਿਫ਼ਲਾਂ ਸਜਾ ਕੇ
ਹੱਥੀਂ ਪੁੱਟੇ ਅਸੀਂ ਟੋਏ ਝੂਠੇ ਯਾਰ ਇਹ ਬਣਾ ਕੇ।
ਉਹ ਤਾਂ ਪਰ ਲਾ ਕੇ ਉੱਡੇ ਫੁੱਲਾਂ ਉੱਤੇ ਜਿਵੇਂ ਭੌਰ
ਸਦਾ ਆਪਣੇ ਡੁਬਾਉਂਦੇ ਹੁੰਦਾ ਗੈਰਾਂ 'ਚ ਕੀ ਜ਼ੋਰ।

ਕੁਝ ਯਾਰ ਸਾਨੂੰ ਮਿਲੇ ਸਾਡੀ ਜਾਨ ਤੋਂ ਪਿਆਰੇ,
ਜਿੰਨ੍ਹਾਂ ਚੰਗੇ ਮਾੜੇ ਸਮੇਂ ਸਾਡੇ ਨਾਲ ਨੇ ਗੁਜਾਰੇ।
ਅਸੀਂ ਕਰਨੇ ਕੀ ਮਾੜੇ ਸਾਨੂੰ ਚੰਗਿਆਂ ਦੀ ਲੋੜ,
ਸਦਾ ਆਪਣੇ ਡੁਬਾਉਂਦੇ 'ਬੱਬਲੇ' ਗੈਰਾਂ 'ਚ ਕੀ ਜ਼ੋਰ।

**ਬੱਬਲਾ ਬੇਗੋਵਾਲ**
**ਸੰਪਰਕ : 99154-28009**

◆◆◆

# ਵਿਅੰਗ ਚੌਂਕੇ

1. ਪ੍ਰਧਾਨਗੀ

ਉਸ ਮਰਦ ਨੂੰ ਦੁਨੀਆ ਸਤਿਕਾਰਦੀ ਨਾ, ਛੱਡ ਦੇਵੇ ਜੋ ਮਰਦ, ਮਰਦਾਨਗੀ ਨੂੰ
ਘੁੰਮ-ਘੁੰਮ ਕੇ ਧਰਤੀ ਨਾ ਅਜੇ ਥੱਕੀ ਛੱਡਿਆ ਸਮੇਂ ਨਾ ਆਪਣੀ ਰਵਾਨਗੀ ਨੂੰ
ਜ਼ਿਦ ਆਪਣੀ ਅਸੀਂ ਕਿਵੇਂ ਛੱਡ ਦੇਈਏ? ਕਾਬੂ ਕੈਲਵੀ ਕਰ ਹੈਰਾਨਗੀ ਨੂੰ
ਜਿੰਨਾ ਚਿਰ ਨਹੀਂ ਅਸੀਂ ਸਰੀਰ ਛੱਡਦੇ, ਛੱਡਣਾ ਅਸਾਂ ਨਾ ਮੂਲ ਪ੍ਰਧਾਨਗੀ ਨੂੰ

2. ਕਲਾਕਾਰ

ਕਲਾਕਾਰ ਕੋਲ ਕਲਾ ਨਾ ਹੋਏ ਬੇਸ਼ੱਕ, ਕੋਲ ਓਸਦੇ, ਵੱਡੀ ਪਰ, ਕਾਰ ਹੋਵੇ।
ਟੋਲੀ ਹੋਏ ਨੱਚਾਰਾਂ ਦੀ ਨਾਲ ਉਹਦੇ, ਸਾਥਣ ਬਿਜਲੀ ਜਿਹੀ ਮੁਟਿਆਰ ਹੋਵੇ।
ਮਨਮੋਹਣੀ ਅਦਾ ਦੇ ਨਾਲ ਮੋਹੇ, ਕੀਤਾ ਉਸ ਨੇ ਹਾਰ ਸ਼ਿੰਗਾਰ ਹੋਵੇ।
ਲੱਚਰਵਾਦ ਦਾ ਕੈਲਵੀ ਲਾ ਤੜਕਾ, ਸਭਿਆਚਾਰ ਦਾ ਉਹ ਠੇਕੇਦਾਰ ਹੋਵੇ।

3. ਅੰਨਿਆਂ ਨੂੰ ਐਨ

ਆਓ ਬੈਠ ਕੇ ਅਸੀਂ ਵੀਚਾਰ ਕਰੀਏ, ਕੀ ਪੜ੍ਹ ਰਹੇ ਹਾਂ? ਕੀ ਗਾ ਰਹੇ ਹਾਂ?
ਬੀਜ ਰਹੇ ਹਾਂ ਕੂੜ ਤੇ ਕਪਟ ਥਾਂ-ਥਾਂ, ਅਮਨ ਸ਼ਾਂਤੀ ਦੀ ਫਸਲ ਜਲਾ ਰਹੇ ਹਾਂ।
ਨਸ਼ਾ ਜ਼ਿੰਦਗੀ ਦਾ ਡੋਲ ਵੀਟ ਰਹੇ ਹਾਂ, ਨਸ਼ਾ ਮੌਤ ਦਾ ਮੂੰਹ ਨੂੰ ਲਾ ਰਹੇ ਹਾਂ,
ਖੋਹ ਕੇ ਨਜ਼ਰ ਜੁਆਨੀ ਤੋਂ ਕੈਲਵੀ ਜੀ, ਅਸੀਂ ਅੰਨ੍ਹਿਆਂ ਨੂੰ ਐਨਕ ਲਾ ਰਹੇ ਹਾਂ।

4. ਸੇਵਾ ਬੁੱਢੜੇ ਦੀ

ਸੇਵਾ ਬੁੱਢੜੇ ਦੀ ਭੈਣ! ਕੀ ਹੋਰ ਕਰੀਏ? ਅਸਾਂ ਆਪਣਾ ਟੱਬਰ ਵੀ ਪਾਲਣਾ ਏਂ
ਦੋ ਮੰਨ ਪਕਾ ਕੇ ਧਰਾਂ ਮੂਹਰੇ, ਕਿਹੜਾ ਬੁੱਢੜੇ ਨੇ ਖਾਲ ਕੋਈ ਖਾਲਣਾ ਏਂ?
ਬੋਬਾ ਮੁੰਡੇ ਦੀ ਨੌਕਰੀ ਤੇ ਲੱਗਾ, ਵਰ, ਕੁੜੀ ਮੁਟਿਆਰ ਲਈ ਭਾਲਣਾ ਏ.
ਪੰਜੀ, ਕੈਲਵੀ ਤਲੀ ਤੇ ਨਹੀਂ ਧਰਣਾ, ਕੀ ਬੁੱਢੜਾ ਚੁਲ੍ਹੇ 'ਚ ਪਾਲਣਾ ਏਂ?

5. ਟੰਗਾਂ ਖਿੱਚਣ ਦੀ ਸਿਖਲਾਈ

ਮਾਂ ਖੇਡ ਕਬੱਡੀ ਪੰਜਾਬੀਆਂ ਦੀ, ਚੋਬਰ ਗੱਭਰੂ ਜ਼ੋਰ ਅਜ਼ਮਾਈ ਕਰਦੇ,
ਧਾਵੀ ਬੋਲਦੇ ਧਾਵਾ ਦਲੇਰ ਹੋ ਕੇ, ਜਾਫੀ ਪਕੜ ਕੇ ਰਗੜ ਰਗੜਾਈ ਕਰਦੇ,
ਨਸ਼ੇ ਖੋਰ, ਕਮਜ਼ੋਰ ਨਾਲ ਇਉਂ ਹੋਵੇ ਜਿਉਂ ਨਾਲ ਕੜਾਹ ਦੇ ਭਾਈ ਕਰਦੇ,
ਟੰਗਾਂ ਖਿੱਚਣ ਦੀ ਲੈ ਸਿਖਲਾਈ ਲੈਂਦੇ, ਫੇਰ ਫਰਕ ਨਾ ਕੈਲਵੀ ਗਈ ਕਰਦੇ।

**ਪ੍ਰੋ. ਜਸਵੰਤ ਕੈਲਵੀ**

◆◆◆



# ਪੁਸਤਕ ਸਮੀਖਿਆ

**ਸੁਖਦੇਵ ਸਿੰਘ ਗੰਢਵਾਂ ਰਚਿਤ**

**ਕਾਵਿ-ਪੁਸਤਕ 'ਲੋਕ ਹਿੱਤਾਂ ਦੇ ਸੰਗ': ਇੱਕ ਅਧਿਐਨ**

ਵੱਲੋਂ ਡਾ. ਜਗੀਰ ਸਿੰਘ ਨੂਰ ਸੰਪਰਕ : 98142-097732

ਸੁਖਦੇਵ ਸਿੰਘ ਗੰਢਵਾਂ ਵਿਭਿੰਨ ਅਖਬਾਰਾਂ ਅਤੇ ਰਸਾਲਿਆਂ 'ਚ ਹੀ ਨਹੀਂ, ਸਗੋਂ ਪਿੰਡ ਪੱਧਰ ਤੋਂ ਲੈ ਕੇ ਉੱਚ ਪੱਧਰ ਦੀਆਂ ਸਟੇਜਾਂ ਉੱਪਰ ਆਪਣੇ ਕਾਵਿ-ਬੋਲਾਂ ਰਾਹੀਂ ਸਰੋਤਿਆਂ ਦੀ ਦਿਲ-ਦਹਿਲੀਜ਼ ਤੇ ਪਛਾਣਯੋਗ ਥਾਂ ਬਣਾ ਚੁੱਕਾ ਹੈ।

ਇਹ ਕਾਵਿ ਹੁਣ ਤੱਕ ਮਾਲਵਾ ਨਿਊਜ਼, ਅਦਬੀ ਪਰਿਕਰਮਾ, ਆਸ਼ਿਆਨਾ, ਆਵਾਮ ਕੀ ਆਵਾਜ਼, ਲੋਕਵਾਣੀ, ਮਾਨਸਰੋਵਰ, ਸੁੱਚਾ ਰੂਪ ਅਤੇ ਸਿਮਰਨ ਤੋਂ ਇਲਾਵਾ ਸਮਰਾਟ, ਸੰਗੀਤ ਦਰਪਣ, ਜਨਤਾ ਸੰਸਾਰ, ਸਾਹਿਬ ਮੈਗਜ਼ੀਨ, ਯੂ.ਕੇ, ਸਿੱਖ ਮੈਗਜ਼ੀਨ, ਮਿਸ਼ਨਰੀ ਸੇਧਾਂ, ਸਿੱਖ ਗਾਰਡੀਅਨ ਮੈਗਜ਼ੀਨਾਂ ਵਿੱਚ ਪ੍ਰਕਾਸ਼ਿਤ ਹੁੰਦਾ ਆ ਰਿਹਾ ਹੈ। ਇਸ ਤੋਂ ਇਲਾਵਾ ਮੂਹੋਂ ਬੋਲਦੀਆਂ ਕਲਮਾਂ, ਕਲਮਾਂ ਦੀ ਪਰਵਾਜ਼, ਕਲਮਾਂ ਦੇ ਯੋਧੇ, ਸ਼ਹੀਦ ਕਰਤਾਰ ਸਿੰਘ ਸਰਾਭਾ ਆਦਿ ਕਾਵਿ ਸੰਗ੍ਰਹਿਾਂ ਵਿੱਚ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ, ਇਸ ਤਰ੍ਹਾਂ ਦੇ ਯੋਗਦਾਨ ਸਦਕਾ ਉਹ ਹਰਮਨ ਪਿਆਰਾ ਵੀ ਹੋਇਆ ਹੈ ਅਤੇ ਵਕਤ-ਦਰ-ਵਕਤ ਇਸ ਦੀ ਕਾਵਿ-ਸਿਰਜਣ ਕਲਾ 'ਚ ਨਿਖਾਰ ਵੀ ਆਇਆ ਹੈ।

ਸੁਖਦੇਵ ਸਿੰਘ ਗੰਢਵਾਂ ਜਿੱਥੇ ਸਹਿਜ-ਸੁਭਾਵਿਕ, ਨਿਰਛੱਲ ਅਤੇ ਪਿਆਰ-ਸੁਹਿਰਦਤਾ ਭਰਪੂਰ ਸਲੀਕੇ ਵਾਲੇ ਸਰੋਕਾਰਾਂ ਨਾਲ ਤਹਿ ਦਿਲੋਂ ਜੁੜਿਆ ਹੋਇਆ ਹੈ ਉਥੇ ਪੰਜਾਬੀ ਘਰ, ਪਰਿਵਾਰ, ਸਮਾਜ ਅਤੇ ਦੇਸ਼-ਕੌਮ ਲਈ ਨਵੇਂ ਸਵੇਰਿਆਂ ਦੇ ਸਿਰਜਕ ਵਜੋਂ ਵੀ ਕਾਰਜਸ਼ੀਲ ਹੈ। ਇਸੇ ਚਿੰਤਾ-ਚਿੰਤਨਧਾਰਾ ਅਤੇ ਜੀਵਨ ਜਾਚ ਨੇ ਇਸ ਵਿੱਚ ਕਾਵਿਕ ਚਿਣਨ ਨੂੰ ਜਨਮ ਦਿੱਤਾ। ਮਿੱਤਰ, ਸਰੋਤਿਆਂ, ਅਖ਼ਬਾਰਾਂ, ਮੈਗਜ਼ੀਨਾਂ ਨੇ ਇਸ ਵਿੱਚ ਕਾਵਿਕ ਤੀਬਰਤਾ ਅਤੇ ਉਤਸ਼ਾਹ ਭਰਿਆ, ਸਿੱਟੇ ਵਜੋਂ ਇਹ ਸਾਡੇ ਸਾਹਮਣੇ ਕਾਵਿ-ਪੁਸਤਕ 'ਲੋਕ ਹਿੱਤਾਂ ਦੇ ਸੰਗ' ਲੈ ਕੇ ਹਾਜ਼ਰ ਹੈ।

'ਲੋਕ ਹਿੱਤਾਂ ਦੇ ਸੰਗ' ਕਾਵਿ-ਸੰਗ੍ਰਹਿ ਨਵੇਂ ਨਿਵੇਕਲੇ ਕਾਵਿ-ਪੈਰਾਡਾਇਮ ਨੂੰ ਭਾਵੇਂ ਸਾਡੇ ਸਨਮੁੱਖ ਨਹੀਂ ਕਰਦਾ ਅਤੇ ਨਾ ਹੀ ਨਵੇਂ-ਨਵੇਂ ਕਾਵਿ-ਰੂਪਾਂ ਦੇ ਤਜ਼ਰਬਿਆਂ ਨੂੰ ਪ੍ਰਗਟਾਉਂਦਾ ਦ੍ਰਿਸ਼ਟਮਾਨ ਹੁੰਦਾ ਹੈ, ਪਰ ਸਮਾਜਕ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਪ੍ਰਕਿਰਤਕ-ਯਥਾਰਥ, ਸਮਾਜਿਕ ਯਥਾਰਥ ਅਤੇ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ

ਤੋਂ ਜ਼ਰੂਰ ਉਭਾਰਦਾ ਹੋਇਆ ਪਾਠਕਾਂ/ਆਲੋਚਕਾਂ ਦੇ ਸਨਮੁੱਖ ਹੁੰਦਾ ਹੈ। ਜਟਿਲਤਾ ਨੂੰ ਤਿਲਾਂਜਲੀ ਦੇਂਦਾ ਹੋਇਆ ਇਹ ਕਵੀ ਬੜੀ ਸਰਲ-ਠੇਠ, ਮੁਹਾਵਰੇਦਾਰ ਅਤੇ ਆਮ ਤੋਂ ਖ਼ਾਸ ਪਾਠਕ ਤੱਕ ਕਾਵਿ-ਅਨੁਭੂਤੀ ਦੀਆਂ ਕਿਣਗਾਂ ਜਗਾਉਣ ਵਾਲੀ ਸ਼ਬਦਾਵਲੀ ਅਤੇ ਬਿੰਬ ਸਿਰਜਣਾ ਜ਼ਰੀਏ ਇਹ ਰਚਨਾਵਾਂ ਹਰ ਵਰਗ ਦੇ ਪਾਠਕ ਦੇ ਅੰਦਰ ਵੱਸ ਜਾਣ ਦੀ ਸਮਰਥਾ ਰੱਖਦੀਆਂ ਹਨ।

ਕਵੀ ਦੀ ਪ੍ਰਬਲ ਭਾਵਨਾ ਹੈ ਕਿ ਸਾਡਾ ਘਰ, ਸਾਡੇ ਗਲੀ-ਮੁਹੱਲੇ, ਸਾਡਾ ਪਿੰਡ, ਸਾਡਾ ਸ਼ਹਿਰ, ਸਾਡਾ ਸਮਾਜ ਹਰ ਪੱਖੋਂ ਤੰਦਰੁਸਤ ਹੋ ਜਾਵੇ। ਜਿਸ ਵਿੱਚ ਨਾ ਗਰੀਬੀ ਰਹੇ, ਨਾ ਬੇਰੁਜ਼ਗਾਰੀ, ਨਾ ਸਮਾਜਿਕ ਜਾਤੀ ਵੰਡ, ਨਾ ਭ੍ਰਿਸ਼ਟਾਚਾਰ, ਨਾ ਨਸ਼ਾਖੋਰੀ ਅਤੇ ਨਾ ਹੀ ਰਿਸ਼ਤਿਆਂ ਵਿਚਲੀ ਦਵੰਦਾਤਮਕ ਦੀਵਾਰ ਰਹੇ। ਸਗੋਂ ਸਭਨਾਂ ਪੱਖਾਂ ਤੋਂ ਖੁਸ਼ਹਾਲੀ, ਅਤੇ ਹਰਿਆਵਲ ਪੱਸਰੀ ਰਹੇ। ਇਸੇ ਪ੍ਰਯੋਜਨ ਹਿੱਤ ਸੁਖਦੇਵ ਸਿੰਘ ਦਾ ਬਿਆਨ ਹੈ ਕਿ-

(ੳ) ਪਾਵੇ ਵੰਡੀਆਂ ਜੋ ਸਮਾਜ ਅੰਦਰ,
ਢਾਹ 'ਸੁੱਖਿਆ' ਨਫਰਤ ਦੀ ਕੰਧ ਦਿਓ।
(ਅ) ਲੋਟੂਆਂ ਦਾ ਵੱਧ ਰਿਹਾ ਘੇਰਾ,
ਦੇਵੇਂਗਾ ਦਿਖਾਈ ਕਦੋਂ ਸੱਚ ਦਿਆ ਸੂਰਜਾ ਵੇ।
(ੲ) ਸੱਭਿਆਚਾਰ ਦੇ ਨਿਯਮਾਂ ਦੇ ਵਿੱਚ ਗੀਤ ਸੰਗੀਤ ਤਾਂ ਗਾਓ,
ਚੈਨਲ 'ਤੇ ਪ੍ਰਦਰਸ਼ਨ 'ਚ ਅਸ਼ਲੀਲਤਾ ਦਾ ਰੰਗ ਨਾ ਮਿਲਾਓ।

ਇਹ ਕਵੀ ਮਨੁੱਖੀ ਕਦਰ-ਪ੍ਰਣਾਲੀ 'ਚ ਆ ਚੁੱਕੀਆਂ ਨਿਘਾਰ -ਮੁਖੀ ਰੁੱਚੀਆਂ ਤੋਂ ਵੀ ਵਾਕਫ ਹੈ ਅਤੇ ਉਸ ਮਨੁੱਖ ਲਈ ਨਵੇਂ ਸਵੇਰਿਆਂ ਨੂੰ ਸਿਰਜਣ ਦੀ ਊਸ਼ਾ ਦਾ ਬੋਧ ਵੀ ਰੱਖਦਾ ਹੈ। ਕੁਝ ਇਕ ਕਾਵਿ-ਬੋਲ ਵੇਖੋ-

(ੳ) ਤ੍ਰਿਸ਼ਨਾ ਦੀ ਕਦੇ ਮੁੱਕਦੀ ਨਾ ਭੁੱਖ,
ਤੱਕ ਕੇ ਪਰਾਏ ਸੁਖ, ਸੀਨੇ ਰਹੇ ਧੁੱਖ।
(ਅ) ਓ ਦੁਨੀਆ ਭਰ ਦੇ ਲੋਕੋ, ਨਫ਼ਰਤ ਦੀ ਅੱਗ ਰੋਕੋ,
ਨਾ ਕਰੋ ਤਕਰਾਰਾ ਮਜ਼੍ਹਬਾਂ ਤੇ ਦੀਨਾਂ ਦੇ,
ਖੜ੍ਹੋ ਲੋਕ ਹਿੱਤਾਂ ਦੇ ਸੰਗ, ਨਾ ਖੇਲੋ ਖੇਲ ਸੰਗੀਨਾਂ ਦੇ।

ਸੁਖਦੇਵ ਸਿੰਘ ਜਾਗਰੂਕ ਕਵੀ ਹੈ। ਇਹ ਸਮਾਜ ਦੇ ਕੋਹੜ, ਕੋਹਜ ਅਤੇ ਇਸ ਵਿੱਚ ਵਿਆਪਕ ਦੁਸ਼ਾਵਾਰੀਆਂ ਨੂੰ ਤਹਿ ਦਿਲੋਂ ਭਾਂਪਦਾ ਹੈ, ਇਸ ਨੂੰ ਚਿੰਤਾ ਹੈ ਕਿ ਔਰਤ ਜਾਤੀ ਪ੍ਰਤੀ ਖਪਤਕਾਰੀ ਯੁੱਗ 'ਚ ਕਿਉਂ ਵਿਤਕਰਾ ਹੋ ਰਿਹਾ ਹੈ, ਇਕ ਪਾਸੇ ਤਾਂ ਲੋਕ ਨਵੀਨਤਮ ਸੂਚਨਾ ਤਕਨਾਲੋਜੀ ਅਤੇ ਅਤਿ ਵਿਕਸਿਤ ਵਿਗਿਆਨਕ ਯੁੱਗ 'ਚ ਜੀਵਨ



ਬਸਰ ਕਰ ਰਹੇ ਹਨ ਪਰ ਦੂਜੇ ਪਾਸੇ, ਧੀ, ਭੈਣ, ਜਾਂ ਹੋਰ ਸਾਕਾਦਾਰੀ 'ਚ ਔਰਤ ਜਾਤੀ ਪ੍ਰਤੀ ਦੂਜੈਲੀ ਸੋਚ ਰੱਖ ਰਹੇ ਹਨ। ਇਸੇ ਭਾਵ-ਬੋਧ 'ਚੋਂ ਇਹ ਕਵੀ 'ਕੁੱਖ ਦੀ ਰੱਖਿਆ' ਜੇਹੇ ਉੱਤਮ ਵਿਚਾਰਾਂ ਨੂੰ ਵੀ ਆਪਣੀ ਕਾਵਿ-ਸ਼ਕਤੀ ਜ਼ਰੀਏ ਸੱਚੇ ਰੂਪ 'ਚ ਪ੍ਰਗਟ ਕਰਨੋਂ ਨਹੀਂ ਝਿਜਕਦਾ ਅਤੇ ਬੇਬਾਕ ਹੋ ਕੇ ਕਹਿ ਦੇਂਦਾ ਹੈ ਕਿ -

(ੳ) ਛੱਡ ਦਿਓ ਰੀਤ ਭੇਖੀ, ਲਾਲਚ ਤੇ ਭੁੱਖ ਦੀ,
ਪੁੱਤਾਂ ਵਾਂਗ ਸਾਂਭ ਕਰੋ ਧੀ ਅਤੇ ਰੁੱਖ ਦੀ।
(ਅ) ਪੁੱਤਾਂ ਦੇ ਬਰਾਬਰ ਧੀਆਂ ਹੁਣ ਖੜ੍ਹੀਆਂ।
ਕਰਕੇ ਪੜ੍ਹਾਈ ਉੱਚੇ ਅਹੁੱਦਿਆਂ ਤੇ ਚੜ੍ਹੀਆਂ
ਨਾਰੀ ਦੀ ਸਿਫਤ ਪੜ੍ਹੋ ਬਾਣੀ ਦੀਆਂ ਤੁਕਾਂ ਦੀ,
ਹੋਂਦ ਬਚਾਓ ਲੋਕੋ ਧੀਆਂ ਅਤੇ ਰੁੱਖਾਂ ਦੀ।

ਇਸ ਸੰਗ੍ਰਹਿ ਵਿੱਚ ਅੰਕਿਤ ਉਹ ਕਵਿਤਾਵਾਂ ਅਤੇ ਗੀਤ ਵੀ ਵਿਸ਼ੇਸ਼ ਗੌਲਣਯੋਗ ਹਨ, ਜਿਨ੍ਹਾਂ 'ਚ ਨਸ਼ਾਖੋਰੀ, ਮਜ਼ਦੂਰ ਦੀ ਜ਼ਿੰਦਗੀ, ਅਜੋਕੇ ਦੌਰ 'ਚ ਪ੍ਰਚਲਿਤ ਹੋ ਰਹੇ ਬੇਲੋੜੇ ਫੈਸ਼ਨਾਂ ਅਤੇ ਬਦਲ ਰਹੀਆਂ ਸੋਚ-ਬਿਰਤੀਆਂ ਬਾਬਤ ਵੀ ਭਰਪੂਰ ਪੜਚੋਲਵੀ ਦ੍ਰਿਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ ਹੈ।

(ੳ) ਫੈਸ਼ਨਾਂ ਨੇ ਛੱਡੀ ਨਾ ਕਸਰ ਬਾਕੀ ਏ,
ਪੈਂਦਾ ਏ ਭੁਲੇਖਾ, ਕਾਕਾ ਜਾਂ ਕਾਕੀ ਏ।
(ਅ) ਨੂੰਹ ਨੇ ਜਾ ਪਾਰਲਰ 'ਚ ਪੈਰ ਰੱਖਿਆ,
ਮੂਹਰੇ ਬੈਠੀ ਸੱਸ ਵੇਖ, ਨੂੰਹ ਨੇ ਨੱਕ ਵੱਟਿਆ।
ਨੌਜਵਾਨ ਵਰਗ ਨੂੰ ਉਸ ਦੀ ਪ੍ਰੇਰਣਾ ਹੈ ਕਿ
(ੲ) ਜ਼ਿੰਦਗੀ ਜੇ ਸਫ਼ਲ ਬਨਾਉਣੀ ਆਂ ਛੱਡ ਕੁਸੰਗਤ ਵਿੱਚ ਬਹਿਣਾ।
ਸਿੱਖਿਆ ਦਾ ਗਹਿਣਾ ਪਾ 'ਸੁੱਖਿਆ' ਜ਼ਿੰਦਗੀ ਭਰ ਜੋ ਨਾਲ ਰਹਿਣਾ।

ਇਹ ਕਾਵਿ-ਸੰਗ੍ਰਹਿ ਅਜੋਕੇ ਪ੍ਰਦੂਸ਼ਿਤ ਵਾਤਾਵਰਣ ਸਬੰਧੀ ਵੀ ਚਿੰਤਾਜਨਕ ਕਾਵਿਕ ਬਿੰਬ ਉਭਾਰਦਾ ਹੈ। ਹਵਾ, ਪਾਣੀ, ਆਬਾਦੀ 'ਚ ਜਿਸ ਤਰਜ਼ ਇੰਤਹਾ ਪ੍ਰਦੂਸ਼ਨ ਅਤੇ ਵਾਧਾ ਪੱਸਰ ਰਿਹਾ ਹੈ, ਉਸ ਪਸਾਰ ਤੋਂ ਵੀ ਇਸ ਕਵੀ ਨੇ ਲੋਕਾਂ ਨੂੰ ਜਾਣੂ ਕਰਵਾਇਆ ਹੈ।

ਦੇਸ਼-ਭਗਤੀ ਸ਼੍ਰੋਮਣੀ ਜਜ਼ਬਾ ਹੈ। ਇਸ ਜਜ਼ਬੇ ਦਾ ਇਜ਼ਹਾਰ ਇਸ ਕਵੀ ਨੇ ਸ਼ਹੀਦਾਂ, ਗੁਰੂ-ਪੀਰਾਂ, ਫ਼ਕੀਰਾਂ ਜਾਂ ਹੋਰ ਦੇਸ਼-ਭਗਤਾਂ ਸਬੰਧੀ ਸ਼ਰਧਾਮੂਲਕ ਕਵਿਤਾਵਾਂ ਰਾਹੀਂ ਪੇਸ਼ ਕੀਤਾ ਹੈ। ਉਦਾਹਰਣ ਵਜੋਂ : ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਆਦਿ ਸਬੰਧੀ ਕਵਿਤਾਵਾਂ ਵਿੱਚੋਂ ਇਹ ਭਾਵ ਸਹਿਜ ਰੂਪ 'ਚ ਉਦੈਮਾਨ ਹੁੰਦਾ ਹੈ, ਇਕ ਉਦਾਹਰਣ ਆਪ ਜੀ ਦੇ ਸਨਮੁੱਖ ਹੈ :

ਗ਼ਦਰ ਪਾਰਟੀ ਦੀ ਅਗਵਾਈ ਕਿਣਕੇ ਨੂੰ ਤੂਫ਼ਾਨ ਬਣਾ ਗਈ,
ਤਕਦੀਰ ਪਲਟਾਉਣ ਦੀ ਖਾਤਰ ਕੁਰਬਾਨੀ ਦੀ ਜਾਚ ਸਿਖਾ ਗਈ।

ਸਿੱਖ ਇਤਿਹਾਸ ਤੇ ਮਾਨਵਤਾ ਦੇ ਰੱਖਿਅਕ ਗੁਰੂ ਸਾਹਿਬਾਨ ਬਾਰੇ ਵੀ ਇਸ ਸੰਗ੍ਰਹਿ 'ਚ ਕਵਿਤਾਵਾਂ ਅੰਕਿਤ ਹਨ। ਧਰਮ ਹੇਤ ਕੁਰਬਾਨੀ ਆਦਿ ਕਵਿਤਾਵਾਂ ਇਸੇ ਕਥਨ ਦੀ ਪੁਸ਼ਟੀ ਵਜੋਂ ਪੜ੍ਹੀਆ ਜਾ ਸਕਦੀਆਂ ਹਨ।

ਕੁਲ ਮਿਲਾ ਕੇ, ਹੱਥਲਾ ਕਾਵਿ ਸੰਗ੍ਰਹਿ ਵਿਚਾਰਧਾਰਕ ਪੱਧਰ 'ਤੇ ਸਮਾਜ, ਕੌਮ, ਦੇਸ਼ ਹੀ ਨਹੀਂ ਸਮੁੱਚੀ ਮਾਨਵਤਾ ਦੇ ਹਿੱਤ ਵਿਚਲੀਆਂ ਕਦਰਾਂ-ਕੀਮਤਾਂ ਦੀ ਪੁਰਜ਼ੋਰ ਹਮਾਇਤ ਦੀ ਹਾਮੀ ਭਰਦਾ ਹੈ। ਮੇਰੀ ਆਸ ਹੈ ਅਤੇ ਕਵੀ ਸੁਖਦੇਵ ਸਿੰਘ ਗੰਢਵਾਂ ਨੂੰ ਅਗਾਂਹ ਹੋਰ ਮਿਆਰੀ ਸਿਰਜਣਾ ਕਰਨ ਦੀ ਤਾਕੀਦ ਹੈ।

**ਡਾ. ਜਗੀਰ ਸਿੰਘ ਨੂਰ, ਸੰਪਰਕ : 98142-09732**

**ਏ-9, ਗਰੀਨ ਪਾਰਕ, ਚਾਹਲ ਨਗਰ, ਜੀ.ਟੀ. ਰੋਡ, ਫਗਵਾੜਾ - 144401**

◆◆◆

## ਜਾਤ ਆਧਾਰਿਤ ਵੰਡੇ ਸਮਾਜ ਚੋਂ ਉਪਜੀ ਸਮੱਸਿਆ ਹੈ - ਦਸਤਾਨੇ-ਏ-ਇਬਾਦਤ (ਨਾਵਲ)

**ਲੇਖਕ : ਸੰਦੀਪ ਕੁਮਾਰ ਦਰਦੀ**

**ਪੰਨੇ :** 110

**ਪ੍ਰਕਾਸ਼ਨ : ਸਾਂਝ ਪ੍ਰਕਾਸ਼ਨ ਜਲੰਧਰ**

ਸੰਦੀਪ ਕੁਮਾਰ ਦਰਦੀ ਇੱਕ ਨੌਜਵਾਨ ਲੇਖਕ ਅਤੇ ਰੰਗ ਕਰਮੀ ਵੀ ਹੈ। 'ਦਾਸਤਨ-ਏ-ਇਬਾਦਤ' ਜ਼ਰੀਏ ਉਸ ਨੇ ਨਾਵਲ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ ਹੈ। ਇਸ ਤੋਂ ਪਹਿਲਾਂ ਦੋ ਕਾਵਿ-ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਚੁੱਕਾ ਹੈ। ਨਾਮਵਰ ਲੇਖਕ ਪ੍ਰੋ. ਕੇਵਲ ਕਲੋਟੀ ਨੇ ਉਸ ਦੇ ਕਾਵਿ-ਸੰਗ੍ਰਹਿ ਸਪੁਰਦ-ਏ-ਖਾਕ ਸਬੰਧੀ ਲਿਖਦੇ ਹੋਏ ਸੰਦੀਪ ਜੀ ਨੂੰ ਜੁਝਾਰ-ਕਾਵਿ ਦਾ ਨਵ-ਹਸਤਾਖਰ ਕਿਹਾ ਹੈ ਜਿਸ ਦਾ ਮਨੋਰਥ ਗਰੀਬੀ, ਬੇਰੁਜ਼ਗਾਰੀ, ਬੇਕਦਰੀ ਆਦਿ ਦਾ ਖਾਤਮਾ ਕਰਨ ਦੇ ਨਾਲ ਨਾਲ ਲੋਟੂ ਜਮਾਤ ਨੂੰ ਵੀ ਨਿਸ਼ਾਨਾ ਬਣਾਉਣਾ ਹੈ। ਇਸ ਨਾਵਲ ਪ੍ਰਤੀ ਜਾਣ ਪਹਿਚਾਣ ਕਰਵਾਉਂਦੇ ਹੋਏ ਡਾ. ਕਰਮਜੀਤ ਸਿੰਘ ਕੁਰੁਕਸ਼ੇਤਰ ਵਾਲਿਆਂ ਨੇ ਲਿਖਿਆ ਹੈ "ਇਸ ਨਾਵਲ ਵਿੱਚ ਦੋ ਪ੍ਰੇਮ ਕਥਾਵਾਂ ਆਪਸ ਵਿੱਚ ਉਲਝਦੀਆਂ ਖਹਿੰਦੀਆਂ ਹਨ ਅਤੇ ਅਖੀਰ ਵਿੱਚ ਜਾ ਕੇ ਉਹ ਕਿਸੇ ਸਾਂਝੀ ਕਥਾ ਦਾ ਰੂਪ ਧਾਰਣ ਕਰ ਲੈਂਦੀਆਂ ਹਨ।"

'ਦਾਸਤਾਨ-ਏ-ਇਬਾਦਤ' ਸੰਦੀਪ ਕੁਮਾਰ ਦਰਦੀ ਦਾ ਪਹਿਲਾ ਨਾਵਲ ਜ਼ਰੂਰ ਹੈ ਪਰ ਉਸ ਨੂੰ ਇਸ ਸਾਹਿਤਕ ਵੰਨਗੀ ਦੀ ਕਾਫੀ ਸਾਰੀ ਸੂਝ-ਬੂਝ ਹੈ। ਉਸ ਦਾ ਜੀਵਨ



ਅਨੁਭਵ ਅਤੇ ਜੀਵਨ ਦ੍ਰਿਸ਼ਟੀਕੋਣ ਦੋਵੇਂ ਹੀ ਬਹੁਤ ਵਿਸ਼ਾਲ ਹਨ। ਇਸ ਲਈ ਇਸ ਨਾਵਲ ਵਿੱਚ ਪੇਸ਼ ਲੋਕ ਸਭਿਆਚਾਰ, ਲੋਕ ਚੇਤਨਾ ਅਤੇ ਲੋਕ ਮੁਹਾਵਰੇ ਦੇ ਬਹੁਤ ਨੇੜੇ ਹੈ।

ਨਾਵਲ ਪੜ੍ਹਨ ਉਪਰੰਤ ਦੇਸ਼ ਕਾਲ ਵੱਲ ਨੂੰ ਆਉਂਦੇ ਹਾਂ। ਦੇਸ਼ ਦਾ ਭਾਵ ਹੈ ਇਲਾਕਾ, ਜਿਥੇ ਘਟਨਾ ਚੱਕਰ ਚਲਦਾ ਹੈ ਅਤੇ ਕਾਲ ਦਾ ਭਾਵ ਸਮਾਂ ਹੈ ਜਦ ਨਾਵਲ ਵਿਚਲੀਆਂ ਘਟਨਾਵਾਂ ਦਾ ਦੌਰ ਚਲਿਆ। ਸੰਗਰੂਰ ਅਤੇ ਕੁੱਲੂ ਦੇ ਸਫ਼ਰ ਨੂੰ ਛੱਡ ਕੇ ਸਮੁੱਚਾ ਘਟਨਾ ਚੱਕਰ ਦੁਆਬੇ ਦੀ ਧਰਤੀ ਤੇ ਹੀ ਹਲਚਲ ਪੈਦਾ ਕਰਦਾ ਜਾਪਦਾ ਹੈ। ਘਟਨਾਵਾਂ ਦਾ ਸਮਾਂ ਲਗਪਗ ਤੀਹ ਕੁ ਸਾਲ ਪਹਿਲਾਂ ਦਾ ਪੰਜਾਬ ਜੋ ਇਕ ਵਿਰਸੇ ਦਾ ਬਿੰਬ ਬਣ ਚੁੱਕਾ ਹੈ। ਬਿਆਨਕਰਤਾ ਦੇ ਭੂਆ-ਫੁੱਫੜ ਵੱਲੋਂ ਦਰਿਆ ਦਿਲੀ ਵਾਲੀ ਵਿਖਾਈ ਮਹਿਮਾਨ ਨਿਵਾਜੀ, ਸ਼ਾਮੇ ਨਾਈ ਦਾ ਪੈਸੇ ਲੈਣ ਤੋਂ ਬਿਨਾਂ ਕੰਮ ਕਰਨਾ ਜਾਂ ਦਾਦਾ ਜੀ ਦਾ ਛਿੰਝ ਆਦਿ ਪ੍ਰਤੀ ਖਿੱਚ ਅਤੇ ਪੰਜਾਬ ਦੇ ਮੇਲਿਆਂ ਦਾ ਬਿਰਤਾਂਤ ਅਜੋਕੇ ਲੋਕ ਜੀਵਨ ਵਿੱਚੋਂ ਕਾਫੀ ਆਲੋਪ ਹੋ ਚੁੱਕਾ ਹੈ ਅਜਿਹੇ ਮੁੱਖ ਸਮੱਸਿਆ ਜਾਤ-ਆਧਾਰਿਤ ਵੰਡੇ ਹੋਏ ਸਮਾਜ ਚੋਂ ਉਪਜਦੀ ਹੈ। ਸੰਦੀਪ ਨੇ ਫਿਰਕਾ ਪ੍ਰਸਤੀ ਦੀ ਸਮੱਸਿਆ ਤੇ ਵਿਅੰਗ ਕਰਦੇ ਹੋਏ ਤਿੱਖੇ ਬਾਣ ਛੱਡੇ ਹਨ ਉਥੇ ਲਲਿਤ ਕਲਾਵਾਂ ਦੇ ਮਹਾਨ ਵਿਰਸੇ ਨੂੰ ਪੇਸ਼ ਕਰਕੇ ਪੰਜਾਬੀਆਂ ਨੂੰ ਇਕਜੁਟਤਾ ਪ੍ਰਦਾਨ ਕਰਨ ਦਾ ਜ਼ੋਰਦਾਰ ਯਤਨ ਕੀਤਾ ਹੈ। ਜਾਤ-ਪਾਤ ਦੇ ਵਖਰੇਵੇਂ 'ਚੋ ਉਪਜੀ ਹਉਮੇ ਦਾ ਸੁੱਖਾ ਅਤੇ ਨਿੰਮੋ ਸ਼ਿਕਾਰ ਹੋ ਜਾਂਦੇ ਹਨ। ਸਫਾ 22 ਅਤੇ 64 ਤੇ ਲਿਖੇ ਸ਼ਬਦ : 'ਉਹ ਜਿੰਮੀਦਾਰ ਨਹੀਂ ਸੀ, ਉਹ ਤਾਂ ਇੱਕ ਗਰੀਬ ਚਮਾਰ ਦਾ ਪੁੱਤਰ ਸੀ। ਸ਼ਾਇਦ ਇਸੇ ਕਰਕੇ ਉਸ ਨੂੰ ਆਪਣੀ ਮੁਹੱਬਤ ਤੋਂ ਹੱਥ ਧੋਣੇ ਪਏ ਹੋਣਗੇ। ਤੇ 'ਸਮਝ ਜਾਏਂਗਾ, ਜਾਤ ਦੀ ਕੋਹੜ ਕਿਰਲੀ ਤੇ ਛਤੀਰਿਆਂ ਨੂੰ ਜਫੇ। ਸਾਲੇ ਨੇ ਸਾਡੀ ਇਜ਼ਤ ਨੂੰ ਹੱਥ ਪਾਇਐ।" ਇਸੇ ਹੀ ਸੰਦਰਭ ਵਿੱਚ ਇਕ ਥਾਂ ਪੜ੍ਹਨ ਨੂੰ ਮਿਲਦਾ ਹੈ। "ਜੇ ਅਲੱਗ ਅਲੱਗ ਧਰਮਾਂ ਦੇ ਪਿਆਰ ਕਰਨ ਵਾਲੇ ਲੋਕ ਇਕ ਨਹੀਂ ਹੋ ਸਕਦੇ ਤਾਂ ਗੁਰਦੁਆਰੇ ਤੇ ਮਸਜਿਦਾਂ ਕਿਵੇਂ ਇਕ ਹੋ ਸਕਦੀਆਂ ਹਨ। ਇਨ੍ਹਾਂ ਦਾ ਵਜੂਦ ਵੀ ਤਾਂ ਲੋਕਾਂ ਨਾਲ ਹੈ।"

ਅਜਿਹੀਆਂ ਸਥਿਤੀਆਂ 'ਚ ਸੁੱਖੇ ਅਤੇ ਨਿੰਮੋ ਦੀ ਪ੍ਰੇਮ ਕਥਾ ਵਿਚਰਦੀ ਹੈ ਅਤੇ ਦੂਸਰੀ ਪੀੜ੍ਹੀ ਵਿਚ ਪਰਮਜੀਤ ਅਤੇ ਜੋਤੀ ਦਾ ਪਿਆਰ ਸਨਸਨੀਖੇਜ਼ ਵਰਤਾਰੇ ਰਾਹੀਂ ਪਰਵਾਨ ਚੜ੍ਹਦਾ ਹੈ। ਸੁੱਖੇ ਅਤੇ ਨਿੰਮੋ ਨੂੰ ਜਗੀਰਦਾਰੀ ਪ੍ਰਬੰਧ ਦਾ ਪਰਛਾਵਾਂ ਪ੍ਰੇਸ਼ਾਨ ਕਰਦਾ ਉਨ੍ਹਾਂ ਦੀ ਜੀਵਨ ਲੀਲਾ ਸਮਾਪਤ ਕਰਕੇ ਆਪਣੀ ਹਉਮੇ ਨੂੰ ਪੱਠੇ ਪਾਉਣ ਦਾ ਆਹਰ 'ਚ ਲੱਗਾ ਰਿਹਾ। ਵਕਤ ਦੀ ਕਰਵਟ ਨਾਲ ਜਗੀਰੂ ਕਦਰਾਂ ਕੀਮਤਾਂ ਦੀਆਂ ਨੀਹਾਂ ਕੰਮਜ਼ੋਰ ਹੋਣ ਲੱਗੀਆਂ, ਚੇਤਨਾ ਦੇ ਪਸਾਰੇ ਨਾਲ 'ਵਿਅਕਤੀ' ਦੀ ਕਦਰ ਪੈਣ

ਲੱਗੀ ਤਾਂ ਅਗਲੀ ਪੀੜ੍ਹੀ ਦੇ ਨਾਇਕ ਅਤੇ ਨਾਇਕਾ ਇਕਮਿਕ ਹੋ ਗਏ ਤੇ ਨਵੀਂ 'ਨਿੰਮੋ' ਦਾ ਜਨਮ ਹੋ ਗਿਆ।

ਨਿੰਮੋ ਅਤੇ ਸੁੱਖੇ ਦੇ ਪਿਆਰ ਦੀ ਕਹਾਣੀ ਇਕੱਠੀ ਕਰਨ ਲਈ ਪਰਮਜੀਤ ਪੂਰੇ ਨਾਟਕ ਵਿੱਚ ਸਫ਼ਰ ਹੀ ਕਰਦਾ ਰਿਹਾ। ਸੰਗਰੂਰ ਤੋਂ ਵਾਪਸ ਪਰਤਦੇ ਸਮੇਂ ਇਕ ਧਾਰਮਿਕ ਡੇਰੇ ਦੇ ਆਗੂ ਦਾ ਕਤਲ ਹੋਣ ਤੇ ਦੰਗੇ ਭੜਕ ਉੱਠੇ। ਪ੍ਰੇਮ ਕਥਾ ਵਾਲੇ ਵਿਸ਼ੇ ਨੇ ਇਕ ਨਵੀਂ ਕਰਵਟ ਲਈ। ਕਰਫ਼ਿਊ ਵਾਲੇ ਹਾਲਾਤਾਂ ਦੌਰਾਨ ਆਮ ਲੋਕਾਂ ਤੇ ਦੁੱਖਾਂ ਦਾ ਪਹਾੜ ਟੁੱਟਣਾ। ਫਿਰਕੂ ਰੋਹ ਦੀ ਆੜ 'ਚ ਲੁਟੇਰਿਆਂ ਦਾ ਲੋਕਾਂ ਨੂੰ ਲੁੱਟਣਾ ਅਤੇ ਦ੍ਰਿਸ਼ ਉੱਪਰ ਕਾਮਰੇਡ ਦਾ ਆਉਣਾ। ਸਿੱਟੇ ਵਜੋਂ ਲੋਕਾਂ ਵਿੱਚ ਉਸਾਰੂ ਕਾਰਜ ਕਰਨ ਦੀ ਚਿਣਗ ਦੀ ਉਤਪਤੀ।

ਇੰਜ ਲੱਗਾ ਕਿ ਵਿਸ਼ੇ ਦੀ ਏਕਤਾ ਖੰਡਤ ਹੋਣ ਜਾ ਰਹੀ ਹੈ। ਹੁਣ ਤੱਕ ਤਾਂ ਸ਼ਿਵ ਕੁਮਾਰ ਬਟਾਲਵੀ ਦਾ ਰੁਮਾਂਟਿਕ ਸੰਸਾਰ ਚੱਲ ਰਿਹਾ ਸੀ ਤੇ ਅਚਾਨਕ ਪਾਸ਼ ਕਿਵੇਂ ਆ ਗਿਆ। ਅਸਲੋਂ ਹੀ ਵਖਰੀਆਂ ਸਥਿਤੀਆਂ ਦੇ ਨਾਇਕ ਸ਼ਿਵ ਅਤੇ ਪਾਸ਼।

ਕਿਉਂਕਿ ਜੀਵਨ ਨੂੰ ਪੂਰੀ ਅਤੇ ਪ੍ਰਤੀਨਿਧ ਭਾਂਤ ਬਿੰਬਣਾ ਨਾਵਲ ਦਾ ਹੀ ਕੰਮ ਹੈ। ਕਾਮਰੇਡ ਨੇ ਸਮੁੱਚ ਫਿਜ਼ਾ ਨੂੰ ਇੱਕ ਨਵੀਂ ਨਰੋਈ ਦਿਸ਼ਾ ਪ੍ਰਦਾਨ ਕਰਦਿਆਂ ਸੁੱਖੇ ਅਤੇ ਨਿੰਮੋ ਦੀ ਅਧੂਰੀ ਕਹਾਣੀ ਦਾ ਅੰਤ ਵੀ ਕੱਢ ਦਿੱਤਾ ਇਨ੍ਹਾਂ ਸ਼ਬਦਾਂ ਨਾਲ-

"ਸੁੱਖੇ ਅਤੇ ਨਿੰਮੋ ਦੀ ਜੁਦਾਈ ਦਾ ਵੱਡਾ ਕਾਰਨ ਹੈ ਜਾਤ-ਸੁੱਖਾ ਚਮਾਰਾਂ ਦਾ ਮੁੰਡੇ ਤੇ ਨਿੰਮੋ ਜ਼ਿੰਮੀਦਾਰਾਂ ਦੀ ਕੁੜੀ। ਬੱਸ ਇਸੇ ਗੱਲ ਤੋਂ ਪਿਆਰ ਵਿਛੋੜੇ ਵਿੱਚ ਬਦਲ ਗਿਆ।"

ਇਸ ਤੋਂ ਅਗਲੇਰੇ ਸ਼ਬਦ 'ਅੱਜ ਜੋ ਇਹ ਸਾੜ ਫੂਕ ਹੋ ਰਹੀ ਹੈ। ਇਹ ਵੀ ਤਾਂ ਜਾਤ ਜਾਂ ਧਰਮ ਦੇ ਵਿੱਚੋਂ ਨਫਰਤ ਦਾ ਸੈਲਾਬ ਹੀ ਤਾਂ ਹੈ। ਮਾਰਕਸ ਨੇ ਸੱਚ ਹੀ ਕਿਹਾ ਸੀ ਕਿ ਧਰਮ ਅਫੀਮ ਹੈ।'

ਪ੍ਰੰਪਰਾਗਤ ਪਟੜੀ ਤੇ ਬੈਠੇ ਲੋਕਾਂ ਵਿੱਚ ਜੁਝਾਰ ਵਿਦਰੋਹੀ ਸੁਰਾਂ ਉਠਣ ਲੱਗੀਆਂ ਕਿ ਸਹਿਮੀ ਹੋਈ ਲੋਕਾਈ ਦਾ "ਮਨੋਬਲ ਕਾਇਮ ਰੱਖਿਆ ਜਾਵੇ ਅਤੇ ਉਨ੍ਹਾਂ 'ਚ ਅਜਿਹੀ ਨਰੋਈ ਸੋਚ ਦਾ ਸੰਚਾਰ ਕੀਤਾ ਜਾਵੇ ਜੋ ਪ੍ਰੰਪਰਾ ਮੁਕਤ ਹੋਵੇ ਅਤੇ ਗੁਰੂ ਨਾਨਕ ਦੇਵ ਦੀਆਂ ਸਤਰਾਂ ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ" ਵਾਂਗ ਕਵਿਤਾ ਦੇ ਬੋਲ

'ਪਾਸੇ ਹੀ ਪਲਟ ਜਾਂਦੇ ਨੇ ਜਦ ਮਿਹਨਤੀ ਹੱਥਾਂ ਵਿੱਚ ਤਲਵਾਰ ਆ ਜਾਏ।'

ਇਸ ਮੁਕਾਮ ਤੇ ਆ ਕੇ ਇੰਜ ਜਾਪਦਾ ਹੈ ਕਿ ਇਹ ਰਚਨਾ ਨਾਵਲ ਦੀ ਥਾਂ



ਸਫ਼ਰਨਾਮਾ ਨਾ ਬਣ ਜਾਵੇ। ਪਰ ਨਾਵਲ ਲਿਖਣ ਦੀਆਂ ਜੁਗਤਾਂ ਤੋਂ ਕੰਮ ਲੈਂਦਾ ਹੋਇਆ ਲੇਖਕ ਕਹਾਣੀ ਦਾ ਮੋੜ ਨਾਟਕੀ ਅੰਦਾਜ਼ ਵਿੱਚ ਨਿੰਮੋ ਅਤੇ ਸੁੱਖੇ ਵੱਲ ਨੂੰ ਕਰਦਾ ਹੈ। ਪਰਮਜੀਤ ਦੇ ਸਫ਼ਰ ਵਿੱਚੋਂ ਹੀ ਉਸ ਦਾ ਅਤੇ ਜੋਤੀ ਦਾ ਪਿਆਰ ਮੰਜ਼ਿਲ ਤੱਕ ਤਾਂ ਪਹੁੰਚ ਹੀ ਜਾਂਦਾ ਹੈ ਪਰ ਸੁੱਖਾ ਖੂਹ ਵਿੱਚ ਛਾਲ ਮਾਰ ਕੇ ਆਪਣਾ ਅੰਤ ਕਰਦਾ ਹੈ।

ਸੰਦੀਪ ਕੁਮਾਰ ਦਰਦੀ ਦੀ ਇਹ ਰਚਨਾ ਸਮਾਜ ਕਲਿਆਣ ਦੀ ਚਿੰਤਾ ਕਰਦੀ ਹੈ। ਨਾਵਲ ਦਾ ਨਾਇਕ ਸੁੱਖਾ ਅਤੇ ਉਸ ਦਾ ਛੋਟਾ ਭਰਾ ਸਾਬੀ ਪੜ੍ਹਾਈ ਦੇ ਨਾਲ ਤਰਖਾਣ ਦਾ ਕੰਮ ਵੀ ਸਿੱਖਦੇ ਹਨ ਅਤੇ ਅਖਬਾਰ ਵੰਡਣ ਦਾ ਵੀ, ਤਾਂ ਕਿ ਕਰਜ਼ਾ ਉਤਰ ਸਕੇ। ਲੇਖਕ ਖੁਦ ਵੀ ਇਸ ਭਾਂਤ ਦਾ ਹੈ। ਉਹ ਹੱਥੀਂ ਕਿਰਤ ਕਰਨ ਨੂੰ ਆਪਣਾ 'ਪਵਿੱਤਰ ਫਰਜ਼' ਸਮਝਦਾ ਹੈ। ਦਾਸਤਾਨ-ਏ-ਇਬਾਦਤ ਵਿੱਚ ਲੇਖਕ ਨੇ ਪ੍ਰਕ੍ਰਿਤੀ ਪ੍ਰਤੀ ਮੋਹ ਨੂੰ ਵੀ ਭਾਵਪੂਰਤ ਦ੍ਰਿਸ਼ਟੀ ਨਾਲ ਪ੍ਰਗਟਾਇਆ ਹੈ।

ਸਫ਼ਾ 13 ਤੇ 'ਕਿੰਨੇ ਸੁੰਦਰ ਹਨ ਨੀਲੀ ਛੱਤਰੀ ਥੱਲੇ ਉੱਡਣ ਵਾਲੇ ਪੰਛੀ, ਕਿੰਨੀਆਂ ਸੁੰਦਰ ਹਨ ਡੁੱਬਦੇ ਸੂਰਜ ਦੀਆਂ ਆਖਰੀ ਕਿਰਨਾਂ। ਕਿੰਨੀ ਸੋਹਣੀ ਹੈ ਰਾਤ ਦੀ ਕੁੱਖ ਵਿੱਚ ਸਿਮਟਦੀ ਸ਼ਾਮ।'

ਸਫਾ 86 ਤੇ 'ਸੂਰਜ ਪਹਾੜਾਂ ਦੇ ਪਿਛਿਓਂ ਫੁੱਟ ਰਿਹਾ ਸੀ। ਜਿਸਦਾ ਅਕਸ ਪਾਣੀ ਵਿੱਚ ਦਿਸ ਰਿਹਾ ਸੀ।' ਸ਼ਬਦਾਂ ਵਿੱਚ ਕਾਵਿਕਤਾ ਹੈ, ਕਿਉਂਕਿ ਸੰਦੀਪ ਕਵੀ ਭੀ ਹੈ, ਕਵਿਤਾ ਉਸ ਨੂੰ ਛੱਡ ਨਹੀਂ ਰਹੀ।

ਇਸ ਨਾਵਲ ਵਿੱਚ ਨਾਇਕ ਨਾਲ ਹਮਦਰਦੀ ਰੱਖਣ ਵਾਲੇ ਅਤੇ ਨਾਇਕ-ਨਾਇਕਾ ਵਾਸਤੇ ਰੁਕਾਵਟਾਂ ਬਣੇ ਪਾਤਰਾਂ ਦੀ ਮੌਜੂਦਗੀ ਤਾਂ ਹੈ ਹੀ ਸਗੋਂ ਉਹ ਪਾਤਰ ਵੀ ਹਨ ਜੋ ਉਕਤ ਦੋਹਾਂ ਵਰਗਾਂ ਤੋਂ ਅਲੱਗ ਤੀਜੀ ਭਾਂਤ ਦੇ ਪਾਤਰ ਬਣਦੇ ਹਨ। ਪਰਮਜੀਤ, ਉਸ ਦੇ ਭੂਆ-ਫੁੱਫੜ ਦੀਪਾ, ਸਾਬੀ, ਜਸਵਿੰਦਰ ਆਦਿ ਨਾਇਕ ਪ੍ਰਤੀ ਸੁਹਿਰਦ ਹਨ। ਜਿਨ੍ਹਾਂ ਦੀ ਮੱਦਦ ਤੇ ਜੱਗੂ ਟਾਂਗੇ ਵਾਲਾ, ਤਰਸੇਮ ਲਾਲ ਘੁਮਿਆਰ, ਸਮੀਰ ਤਿਵਾੜੀ, ਅਤੇ ਪ੍ਰਿੰਸੀਪਲ ਜਿਹੇ ਪਾਤਰ ਆਉਂਦੇ ਹਨ। ਦੂਜੇ ਪਾਸੇ ਜਗੀਰਦਾਰੀ ਨਿਜ਼ਾਮ ਨਾਲ ਜੁੜੇ ਸਰਪੰਚ ਮੁਨਸ਼ੀ, ਮੁਨਸ਼ੀ ਦਾ ਗੁੰਡਾ ਸੰਗਲਵਾਲਾ ਸਾਧ ਅਤੇ ਗੁੰਡਿਆਂ ਦੀ ਫੌਜ ਖੜ੍ਹੀ ਹੈ। ਪਾਤਰਾਂ ਦੀ ਤੀਸਰੀ ਧਿਰ ਕਾਮਰੇਡ, ਡਾਕਟਰ ਅਤੇ ਨਰਸ ਆਦਿ ਪਾਤਰ ਹਨ, ਜੋ ਦੰਗਿਆਂ ਦੌਰਾਨ ਪੀੜਤ ਲੋਕਾਂ ਦੀ ਬਾਂਹ ਫੜਦੇ ਹਨ। ਕਿੱਤੇ ਦੇ ਆਧਾਰ ਤੇ ਨਾਵਲ ਦੇ ਪਾਤਰ ਕਿਸਾਨ, ਅਧਿਆਪਕ, ਵਿਦਿਆਰਥੀ, ਤਰਖਾਣ, ਬਿਜਲੀ ਬੋਰਡ ਦੇ ਕਰਮਚਾਰੀ ਆਪੋ ਆਪਣੇ ਖੇਤਰਾਂ ਦੀ ਪ੍ਰਤੀਨਿਧਤਾ ਕਰਦੇ ਹਨ।

ਪਾਤਰਾਂ ਦੀ ਬੋਲੀ ਪਾਤਰਾਂ ਦੇ ਸੁਭਾਅ ਦੇ ਅਨੁਕੂਲ ਹੋ ਹੈ ਅਤੇ ਵਾਰਤਾਲਾਪ ਚੁਸਤ

ਹੈ, ਲੇਖਕ ਦਾ ਬਿਰਤਾਂਤ ਰੌਚਿਕਤਾ ਭਰਪੂਰ ਹੈ। ਅਕੇਵੇਂ ਥਕੇਵੇਂ ਲਈ ਕੋਈ ਗੁੰਜਾਇਸ਼ ਨਹੀਂ ਹੈ। ਜਿਥੇ ਭੂਆ-ਫੁਫੜ ਦੇ ਬੋਲ ਮੋਹ ਭਿੱਜੇ ਹਨ, ਉਥੇ ਫਕੀਰ ਸਿੰਘ ਕੁੱਝ ਰੁੱਖੀ ਸ਼ਬਦਾਵਲੀ ਦਾ ਮਾਲਕ ਹੈ। ਕੈਲਾ ਜ਼ਮੀਨੀ ਹਕੀਕਤਾਂ ਨਾਲ ਜੁੜਿਆ ਹੋਣ ਕਾਰਨ ਇੱਕ ਥਾਂ ਕਹਿੰਦਾ ਹੈ:

'ਸਾਰੇ ਮੁੰਡਿਆਂ ਵਾਂਗ ਉਹ ਵੀ ਕੁੜੀਆਂ ਮਗਰ ਪੂਛ ਹਿਲਾਉਂਦਾ ਦੌੜਦਾ ਫਿਰਦਾ ਹੋਣਾ ਹੈ।'

'ਇੱਕ ਹੋਰ ਥਾਂ 'ਆ ਗਏ ਆਸ਼ਕ ਦੇ ਹਮਦਰਦ।'

ਬਾਅਦ ਵਿੱਚ ਕਾਇਆ ਕਲਪ ਹੋਣ ਤੇ ਉਸ ਦੀ ਸੁਰ ਵਿਰੋਧ ਵਾਲੀ ਨਹੀਂ ਰਹਿੰਦੀ।

ਸਰਪੰਚ, ਮੁਨਸ਼ੀ ਅਤੇ ਉਹਦੀ ਜੁੰਡਲੀ ਦੇ ਬੰਦੇ ਗੰਵਾਰ ਭਾਸ਼ਾ ਦੀ ਵਰਤੋਂ ਕਰਦੇ ਹਨ।

ਲਿਖਣ ਸ਼ੈਲੀ ਬਿਰਤਾਂਤਕ ਵੀ ਹੈ, ਪਾਤਰਾਂ ਮੁਤਾਬਿਕ ਜੱਚਵੀ ਹੈ ਅਤੇ ਕਿਤੇ ਕਿਤੇ ਪ੍ਰਸ਼ਨੋਤਰੀ ਵੀ ਹੈ।

ਜਿਵੇਂ ਹੁਣ ਕਿਹੜਾ ਲੋਕ ਧਰਮ ਦੇ ਨਾਲ ਰਹਿੰਦੇ ਹਨ? ਗਰਭਵਤੀ ਔਰਤਾਂ ਦੇ ਪੇਟ ਵਿੱਚ ਛੁਰੇ ਮਾਰਨ ਲਈ ਕੀ ਇਨ੍ਹਾਂ ਨੂੰ ਧਰਮ ਕਹਿੰਦਾ ਹੈ?

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਦਾਸਤਾਨ-ਏ-ਇਬਾਦਤ ਜਾਤਾਂ, ਧਰਮਾਂ 'ਚ ਵੰਡੀ ਲੋਕਾਈ ਚੋਂ ਉਪਜੇ ਦੁਖਾਂਤ ਦੀ ਦਾਸਤਾਨ ਹੈ। ਕਾਮਰੇਡ ਜਿਹੇ ਲੋਕ ਪੱਖੀ ਅਤੇ ਅਗਾਂਹ ਵਧੂ ਲੋਕ ਚੇਤਨਾ ਦਾ ਪਸਾਰਾ ਕਰਦੇ ਹਨ ਅਤੇ ਚੇਤਨਾ ਹੀ ਅਸਲ ਇਬਾਦਤ ਹੈ। ਇਸ ਪਾਸੋਂ ਸੰਦੀਪ ਕੁਮਾਰ ਦਰਦੀ ਦੀ ਰਚਨਾ ਨੂੰ ਸਫਲ ਰਚਨਾ ਕਿਹਾ ਜਾ ਸਕਦਾ ਹੈ।

**-ਸਤਵਿੰਦਰ ਬੇਗੋਵਾਲੀਆ**

◆◆◆



# ਤਰਕਧਾਰਨੀ ਸਦੀਵੀ ਕਿਰਤ - ਸੁਪਨਿਆਂ ਦਾ ਮੰਚਣ

**ਡਾ. ਪਲਵਿੰਦਰ ਕੌਰ**

ਸੁਖਮਿੰਦਰ ਸੇਖੋਂ ਪੰਜਾਬੀ ਸਾਹਿਤ ਜਗਤ ਦਾ ਸਮਰੱਥ ਅਤੇ ਸਥਾਪਿਤ ਸਾਹਿਤਕਾਰ ਹੈ ਜਿਸਨੇ ਪੰਜ ਕਹਾਣੀ -ਸੰਗ੍ਰਹਿ, ਦੋ ਨਾਟਕ, ਦੋ ਮਿੰਨੀ ਕਹਾਣੀ ਸੰਗ੍ਰਹਿ ਅਤੇ ਦੋ ਨਾਵਲਾਂ ਤੋਂ ਬਾਅਦ ਇਹ ਬਾਰ੍ਹਵੀਂ ਰਚਨਾ 'ਸੁਪਨਿਆਂ ਦਾ ਮੰਚਣ' ਨਾਵਲ ਵਿਧਾ ਵਿੱਚ ਪੰਜਾਬੀ ਸਾਹਿਤ ਨੂੰ ਦਿੱਤੀ ਹੈ। 'ਸੁਪਨਿਆਂ ਦਾ ਮੰਚਣ' ਰਾਹੀਂ ਮਾਨਵ ਸ਼ਾਸਤਰੀ ਫਲਸਫੇ ਦੇ ਆਧਾਰ 'ਤੇ ਆਪਣੇ ਵਿਚਾਰਾਂ ਦੀ ਪੇਸ਼ਕਾਰੀ ਕਰਨ ਵਾਲੇ ਇਸ ਨਾਵਲਕਾਰ ਨੇ ਵਿਭਿੰਨ ਸ਼ੈਲੀਆਂ ਦੀ ਵਰਤੋਂ ਕਰਕੇ ਇਕ ਉੱਤਮ ਰਚਨਾ ਦਿੱਤੀ ਹੈ ਜੋ ਕਿ ਉਤਕ੍ਰਿਸ਼ਟ ਰਚਨਾ ਦੇ ਨੇੜੇ ਜਾ ਢੁਕਦੀ ਹੈ। ਵਿਚਾਰਾਂ ਦੇ ਆਧਾਰ 'ਤੇ ਅਤੇ ਕਲਾਤਮਕ ਪੇਸ਼ਕਾਰੀ ਰਾਹੀਂ ਸੁਖਮਿੰਦਰ ਸੇਖੋਂ ਦਾ ਇਹ ਨਾਵਲ ਸਾਹਿਤ ਦੀ ਵੰਨਗੀ ਵਿੱਚ ਆਉਣ ਦੀ ਸਮਰੱਥਾ ਰੱਖਦਾ ਹੈ।

ਸਾਹਿਤ ਦੇ ਸੰਦਰਭ ਵਿੱਚ ਸਦੀਵਤਾ ਦਾ ਭਾਵ ਉਸ ਸਾਹਿਤਕ ਕਿਰਤ ਤੋਂ ਹੈ ਜੋ ਸਾਹਿਤ ਵਿੱਚ ਨਵੀਨ ਵਿਚਾਰਾਂ ਅਤੇ ਕੁਝ ਵਿਸ਼ੇਸ ਕਲਾਤਮਕ ਗੁਣਾਂ ਕਰਕੇ ਆਪਣੀ ਥਾਂ ਪੱਕੀ ਬਣਾ ਗਈ ਹੋਵੇ। ਅਜਿਹਾ ਸਾਹਿਤ ਸਮਾਂ ਬੀਤਣ ਨਾਲ ਬੇਹਾ ਪੁਰਾਣਾ ਨਹੀਂ ਹੁੰਦਾ ਸਗੋਂ ਪੀੜ੍ਹੀਆਂ ਤੱਕ ਲੋਕਾਂ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਸਾਹਿਤ ਦੀ ਸਦੀਵਤਾ ਦੀ ਕਸੌਟੀ 'ਤੇ ਖਰੇ ਉਤਰੇ ਸਾਹਿਤ ਨੂੰ ਉਤਕ੍ਰਿਸ਼ਟ ਸਾਹਿਤ ਵੀ ਕਿਹਾ ਜਾਂਦਾ ਹੈ। ਉਤਕ੍ਰਿਸ਼ਟ ਜਾਂ ਸਦੀਵੀ ਸਾਹਿਤ ਦਾ ਆਧਾਰ ਇਸ ਦੀ ਵਸਤੂਗਤ ਅਤੇ ਰੂਪਗਤ ਦੋਵੇਂ ਵਿਸ਼ੇਸ਼ਤਾਵਾਂ ਹਨ। ਜੇਕਰ ਵਸਤੂ ਪ੍ਰਭਾਵਸ਼ਾਲੀ ਹੋਵੇ ਤੇ ਪਾਠਕ ਨੂੰ ਟੁੰਬਣ ਦੀ ਸਮਰੱਥਾ ਰੱਖਦਾ ਹੋਵੇ ਤੇ ਉਸ ਦੀ ਪੇਸ਼ਕਾਰੀ/ਰੂਪਕ ਪੱਖੋਂ ਕਲਾਤਮਕ ਢੰਗ ਨਾਲ ਹੋਵੇ ਤਾਂ ਆਪ ਹੀ ਰਚਨਾ ਸਦੀਵੀ ਹੋ ਨਿਬੜਦੀ ਹੈ। ਇਨ੍ਹਾਂ ਦੋਹਾਂ ਦਾ ਸੁਮੇਲ ਪਾਠਕਾਂ 'ਤੇ ਜਾਦੂਮਈ ਅਸਰਧਾ ਉਸ ਨੂੰ ਆਪਣੇ ਵੱਲ ਖਿਚਦਾ ਹੈ। ਇਸ ਲਈ ਸਾਹਿਤ ਦਾ ਰੂਪ ਭਾਵੇਂ ਕੋਈ ਵੀ ਹੋਵੇ ਪਰ ਸ਼ਰਤ ਹੈ ਕਿ ਉਹ ਪਰਪੱਕ ਹੋਵੇ। ਸਦੀਵੀ ਸਾਹਿਤ ਦੀ ਕਸੌਟੀ 'ਤੇ ਪਰਖਿਆਂ ਸੁਖਮਿੰਦਰ ਸੇਖੋਂ ਦੇ ਨਾਵਲ 'ਸੁਪਨਿਆਂ ਦਾ ਮੰਚਣ' ਦਾ ਵਿਸ਼ਾ ਬਹੁਤ ਹੀ ਉਸਾਰੂ ਅਤੇ ਸੇਧ ਦੇਣ ਵਾਲਾ ਹੈ, ਜਿਸ ਵਿੱਚ ਸਮਾਜ ਦਾ ਨਰੋਇਆ ਸਮਾਜ ਬਣਾਉਣ ਦੀ ਸਮਰੱਥਾ ਹੈ। ਸਮਾਜ ਵਿਚ ਰਹਿ ਰਹੇ ਲੋਕਾਂ ਦੇ ਅੰਧ-ਵਿਸ਼ਵਾਸਾਂ ਨੂੰ ਖਤਮ ਕਰਨ ਲਈ ਇਹ ਰਚਨਾ ਇਕ ਸ਼ਲਾਘਾਯੋਗ ਯਤਨ ਹੈ। ਡਾ. ਸ਼ਰਨਜੀਤ ਕੌਰ ਨੇ ਨਾਵਲ ਦੇ ਆਰੰਭ ਵਿੱਚ ਲਿਖਿਆ ਹੈ :

"ਇਸ ਸੁਪਨਿਆਂ ਦਾ ਮੰਚਣ ਨਾਵਲ ਵਿੱਚ ਨਾਵਲੀ ਕੇਂਦਰਬਿੰਦੂ ਨਾਵਲ ਦਾ

ਵਿਸ਼ਾ, ਲੋਕਾਂ ਦੇ ਅੰਧ-ਵਿਸ਼ਵਾਸ ਵਹਿਮਾਂ-ਭਰਮਾਂ ਵਿੱਚ ਘਿਰੇ ਹੋਣਾ ਹੈ। ਅਸੀਂ ਇੱਕੀਵੀਂ ਵਿੱਚ ਵੀ ਅੰਧ-ਵਿਸ਼ਵਾਸ ਵਿੱਚ ਜੀਵੀ ਜਾ ਰਹੇ ਹਾਂ। ਲੋਕ ਭਲਾਈ ਬਾਬਿਆਂ ਦੇ ਧਾਗੇ ਤਵੀਤ ਨੂੰ ਤਰਜੀਹ ਦਿੱਤੀ ਜਾਂਦੀ ਹੈ।'

21ਵੀਂ ਸਦੀ ਵਿੱਚ ਆਧੁਨਿਕਤਾ ਦੀ ਸਿਖਰ ਤੇ ਪੁੱਜੇ ਹੋਏ ਅਸੀਂ ਕਈ ਲੋਕ ਅੰਧ-ਵਿਸ਼ਵਾਸਾਂ ਵਿੱਚ ਜਿਉ ਰਹੇ ਹਾਂ। ਅੰਧ-ਵਿਸ਼ਵਾਸ ਜੋ ਡੇਰਿਆਂ ਦੀ ਉਪਜ ਹੈ। ਡੇਰਿਆਂ ਦੇ ਮੁੱਖ ਸੰਚਾਲਕ ਭੋਲੀ ਭਾਲੀ ਜਨਤਾ ਨੂੰ ਆਪਣੇ ਭਰਮ ਜਾਲ ਵਿੱਚ ਫਸਾ ਜਿੱਥੇ ਇਕ ਪਾਸੇ ਉਨ੍ਹਾਂ ਕੋਲੋਂ ਪੈਸਾ ਇਕੱਠਾ ਕਰਦੇ ਹਨ, ਦੂਜੇ ਪਾਸੇ ਭੋਲੀਆਂ-ਭਾਲੀਆਂ ਕੁੜੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਵੀ ਬਣਾਉਂਦੇ ਹਨ। ਗੱਦੀ ਤੇ ਬੈਠ ਧਾਰਮਿਕ ਅਤੇ ਮਾਇਆ ਤੋਂ ਨਿਰਲੇਪ ਰਹਿਣ ਦੀਆਂ ਸਿੱਖਿਆਵਾਂ ਦੇਣ ਵਾਲਿਆਂ ਦੀਆਂ ਕਾਲੀਆਂ ਕਰਤੂਤਾਂ ਤੇ ਕਰੂਰ ਸੂਰਤਾਂ ਹਨੇਰੇ ਵਿੱਚ ਹੋਰ ਵੀ ਕਰੂਪ ਹੋ ਜਾਂਦੀਆਂ ਹਨ। ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਬਣੇ ਡੇਰੇ, ਨੇਤਾਵਾਂ ਦਾ ਵੋਟ ਬੈਂਕ ਬਣੀਆਂ ਸੰਗਤਾਂ ਆਪ ਹੀ ਨੇਤਾਵਾਂ ਦੇ ਸੋਸ਼ਣ ਦਾ ਸ਼ਿਕਾਰ ਬਣ ਰਹੇ ਹਨ। ਭਾਵੇਂ ਕਿਸੇ ਨੂੰ ਪੈਸੇ ਅਤੇ ਪ੍ਰਸਿੱਧੀ ਮਿਲਦੀ ਹੈ ਤੇ ਭਾਵੇਂ ਕਿਸੇ ਨੂੰ ਮਨ ਦੀ ਤਸੱਲੀ ਪਰ ਮੁੱਕਦੀ ਗੱਲ ਹੈ ਕਿ ਇੱਜ਼ਤ ਦਾਅ ਤੇ ਲਗਾ ਕੇ ਪ੍ਰਾਪਤ ਕੀਤੀ ਪ੍ਰਸਿੱਧੀ ਤੇ ਸੰਤੁਸ਼ਟੀ ਬਹੁਤਾ ਦੇਰ ਨਹੀਂ ਚੱਲਦੀ।

ਧਾਰਮਿਕ ਸਰਗਰਮੀਆਂ ਦਾ ਕੇਂਦਰ ਬਣੇ ਡੇਰੇ ਤੇ ਧਾਰਮਿਕ ਸਥਾਨ ਨਾਵਲਕਾਰ ਦੇ ਮਨ ਅੰਦਰ ਪ੍ਰਸ਼ਨ ਖੜ੍ਹੇ ਕਰਦੇ ਹਨ। ਨਾਵਲ ਵਿੱਚ ਥਾਂ-ਥਾਂ ਧਰਮ ਦੇ ਨਾਂ 'ਤੇ ਗਲਤ ਪ੍ਰਚਾਰ ਕਰਨ ਵਾਲਿਆਂ ਦਾ ਸਥਾਨਾਂਤਰਨ ਪਾਠਕ ਦੇ ਮਨ ਵਿੱਚ ਵੀ ਹੋ ਜਾਂਦਾ ਹੈ। ਨਾਵਲ ਦੇ ਸ਼ੁਰੂ ਵਿੱਚ ਹੀ ਪਾਠਕ ਦੇ ਮਨ 'ਚ ਨਾਵਲਕਾਰ ਵੱਲੋਂ ਪ੍ਰਸ਼ਨ ਖ਼ੜ੍ਹਾ ਕੀਤਾ ਗਿਆ ਹੈ ਜਦੋਂ ਗੁਰਦੁਆਰੇ ਦੇ ਭਾਈ ਗੁਰਦੁਆਰੇ ਪੈਸੇ ਚੋਰੀ ਕਰਦਿਆਂ ਸ਼ਰਧਾਲੂ ਵੱਲੋਂ ਹੀ ਰੰਗੇ ਹੱਥੀਂ ਫੜ ਲਿਆ ਗਿਆ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰੂਆਂ ਦੇ ਦਿਖਾਏ ਰਸਤੇ ਦਸਾਂ ਨਹੁੰਆਂ ਦੀ ਕਿਰਤ ਕਰਨੀਂ ਦੇ ਸਿਧਾਂਤ ਦਾ ਪਾਲਣ ਭਾਈ ਜੀ ਵੱਲੋਂ ਕਿਉਂ ਨਹੀਂ ਕੀਤਾ ਗਿਆ? ਉਹ ਵੀ ਗੁਰਦੁਆਰੇ ਵਿੱਚ ਬੈਠਕੇ ਵੀ। ਦੂਜਾ ਧਾਰਮਿਕ ਸਥਾਨਾਂ 'ਤੇ ਹੁੰਦੇ ਲੜਾਈ ਝਗੜੇ ਤੇ ਦੰਗੇ ਕਿਉਂ ਹੁੰਦੇ ਹਨ? ਗੁਰਦੁਆਰੇ ਅੰਦਰ ਬੈਠ ਕੇ ਵੀ ਜੇ ਮਨ ਟਿਕਾਓ ਦੀ ਅਵਸਥਾ ਨਹੀਂ ਹੈ ਤਾਂ ਇਹ ਸਿਰਫ ਲੋਕ ਦਿਖਾਵਾ ਤੇ ਕਰਮ ਕਾਂਡ ਹੀ ਹੈ।

ਗੁਰੂ ਸਾਹਿਬਾਨ ਦੇ ਦਿਖਾਏ ਰਸਤੇ ਤੇ ਨਾ ਚਲਦਿਆਂ ਹੋਇਆਂ ਆਪਣੀ ਮਰਜ਼ੀ ਅਨੁਸਾਰ ਪਾਖੰਡੀ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵਰਤੀ ਜਾ ਰਹੇ ਹਨ ਪਰਮਾਤਮਾ ਦਾ ਪਿਆਰ ਰੂਪ ਨਹੀਂ ਸਗੋਂ ਉਸ ਦਾ ਡਰਾਵਾ ਦਿੱਤਾ ਜਾ ਰਿਹਾ ਹੈ। ਰੁਪਿੰਦਰ ਵੱਲੋਂ ਪਾਸ ਹੋਣ ਦੀ ਖੁਸ਼ੀ ਵਿੱਚ ਪਤਾ ਨਾ ਲੱਗਣ ਕਾਰਨ ਚੱਪਲਾਂ ਸਣੇ ਮੰਦਰ ਅੰਦਰ ਜਾਣ ਤੇ ਪੁਜਾਰੀ



ਵੱਲੋਂ ਠੁੱਡਿਆਂ ਨਾਲ ਮੁਰੰਮਤ ਕੀਤੀ ਗਈ ਤੇ ਕਹਿੰਦੈ :

"ਅਰੇ ਬੇਵਕੂਫ! ਇਤਨਾ ਵੀ ਨਹੀਂ ਜਾਨਤਾ ਯੇ ਮੰਦਿਰ ਹੈ, ਔਰ ਤੂਨੇ ਜੂਤੋਂ ਕੇ ਸਾਥ ਅੰਦਰ ਆਕਰ ਮੰਦਿਰ ਕੀ ਪਵਿੱਤਰਤਾ ਭੰਗ ਕਰਤੀ... ਭਗਵਾਨ ਤੁਝੇ ਕਭੀ ਮਾਫ ਨਹੀਂ ਕਰੇਂਗੇ, ਕਲਮੂੰਹੇ!"

ਫਿਰ ਰੁਪਿੰਦਰ ਤਰਕ ਨਾਲ ਸੋਚਦਾ ਤੇ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰ ਉਦਾਸ ਹੋ ਜਾਂਦਾ ਕਿ ਘਰ ਵਿੱਚ ਪੜ੍ਹਦੇ ਸਮੇਂ ਉਸ ਦੇ ਕੰਨਾਂ ਵਿੱਚ ਧਾਰਮਿਕ ਸਥਾਨਾਂ ਦੇ ਲਾਊਡ ਸਪੀਕਰਾਂ ਤੋਂ ਸ਼ਬਦ ਰਾਗ ਕਿਉਂ ਠੁੱਸਿਆ ਜਾਂਦਾ ਹੈ। ਕਿਉਂਕਿ ਲੋਕਾਂ ਨੂੰ ਗੁਰੂ ਨਾਨਕ ਦੇਵ ਜੀ ਦੀ ਮੱਕੇ ਵਾਲੀ ਸਾਖੀ ਯਾਦ ਨਹੀਂ ਕਿ ਗੁਰੂ ਨਾਨਕ ਦੀ ਮੁਲਾਣਿਆਂ ਵੱਲੋਂ ਮੱਕੇ ਵੱਲ ਪੈਰ ਕਰਕੇ ਸੋਣੋਂ ਵਰਜਣ ਤੇ ਕਹਿੰਦੇ ਨੇ ਕਿ ਮੈਨੂੰ ਉਹ ਜਗ੍ਹਾ ਦਾ ਰਸਤਾ ਦਿਖਾ ਦਿਓ ਜਿੱਥੇ ਖੁਦਾ ਨਹੀਂ ਹੈ।

ਰੁਪਿੰਦਰ ਦੀ ਚੇਤਨਾ ਅਤੇ ਤਰਕਵਾਦੀ ਵਿਚਾਰ ਉਸ ਨੂੰ ਕਰਮਕਾਂਡਾਂ ਅਤੇ ਪ੍ਰੇਤ ਆਤਮਾਵਾਂ ਦੀ ਛਾਇਆ ਦੇ ਵਹਿਮ ਤੋਂ ਮੁਕਤ ਰੱਖਦੇ ਹਨ। ਮਾਂ ਵੱਲੋਂ ਨਿਤਨੇਮੀ ਹੋਣ ਦੇ ਬਾਵਜੂਦ ਵੀ ਪ੍ਰੇਤ ਆਤਮਾਵਾਂ ਦੀ ਛਾਇਆ ਤੋਂ ਬਚਣ ਲਈ ਪੁੜੀਆਂ ਲੈਣ ਵਾਸਤੇ ਕਿਹਾ ਜਾਂਦਾ ਹੈ।

ਹਰ ਗੱਲ ਤੇ ਘਟਨਾ ਨੂੰ ਤਰਕ ਦੀ ਐਨਕ ਲਗਾ ਕੇ ਦੇਖਣਾ ਇਸ ਨਾਵਲ ਦੀ ਪ੍ਰਾਪਤੀ ਹੈ। ਇੰਟਰਵਿਊ ਚੰਗੀ ਹੋਣ ਦੇ ਬਾਵਜੂਦ ਨੌਕਰੀ ਨਾ ਮਿਲਣ ਲਈ ਆਪ ਹੀ ਦੇਸ਼ ਦੇ ਭ੍ਰਿਸ਼ਟ ਸਿਸਟਮ ਨੂੰ ਦੋਸ਼ੀ ਮੰਨਦਾ ਹੈ ਤੇ ਸੋਚਦਾ ਕਿ ਧਰਮਾਂ ਦੀ ਲੜਾਈ ਤੇ ਜਾਤਾਂ-ਪਾਤਾਂ ਨੇ ਖਾ ਲਿਆ ਦੇ ਦੇਸ਼ ਨੂੰ ਚੋਰ ਉੱਚੱਕੇ ਬਦਮਾਸ਼ ਤੇ ਬਦਨਾਮ ਲੀਡਰ ਬਣੇ ਹੋਏ ਹਨ। ਅਗਲੇ ਹੀ ਪਲ ਫਿਰ ਤਰਕ ਬਦਲ ਜਾਂਦਾ ਹੈ ਕਿ ਦੇਸ਼ ਦੀ ਆਬਾਦੀ ਪੇਸ਼ ਨਹੀਂ ਜਾਣ ਦਿੰਦੀ ਤੇ ਕਾਨੂੰਨ ਕੁਝ ਕਰਦਾ ਨਹੀਂ। ਮਨ ਵਿੱਚ ਆਉਂਦੇ ਮਾੜੇ ਖਿਆਲ, ਭੂਤਾਂ ਪ੍ਰੇਤਾਂ ਆਦਿ ਤੋਂ ਮਨ ਨੂੰ ਤਕੜਾ ਕਰਨ ਲਈ ਸ਼ਬਦ ਦਾ ਸਹਾਰਾ ਲੈਂਦਾ ਕਦੇ ਸਤਿਨਾਮ ਵਾਹਿਗੁਰੂ, ਰਾਮ ਨਾਮ ਤੇ ਓਮ ਨਮੋ, ਕਾਲੀ ਦੇਵੀ ਦਾ ਜਾਪ, ਅੱਲਾ ਹੂੰ, ਅੱਲਾ ਹੂੰ ਆਦਿ ਨੂੰ ਜਾਪ ਕਰਨ ਲੱਗ ਪੈਂਦਾ ਹੈ। ਉਸ ਨੇ ਆਪਣੇ ਸ਼ੰਕਿਆਂ ਦਾ ਨਿਵਾਰਨ ਕਰਨ ਦਾ ਰਸਤਾ ਸਦੀਵੀ ਸੱਚੀ ਬਾਣੀ ਗੁਰਬਾਣੀ ਵਿੱਚੋਂ ਖੋਜਿਆ ਤੇ ਉਨ੍ਹਾਂ ਸਿਧਾਂਤਾਂ ਨੂੰ ਅਪਣਾਇਆ ਤੇ ਨੇਕ ਕਮਾਈ ਤੇ ਇਮਾਨਦਾਰੀ ਦੀ ਜ਼ਿੰਦਗੀ ਬਿਤਾਉਣ ਦਾ ਇਰਾਦਾ ਪੱਕਾ ਕੀਤਾ। ਹਰਮਨ ਜੋ ਕਿ ਰੁਪਿੰਦਰ ਦਾ ਜਮਾਤੀ ਰਿਹਾ ਹੁੰਦਾ ਹੈ ਉਸ ਦਾ ਲਫਜ਼ਾਂ ਵਿੱਚ :

ਇਹ ਉਹੀ ਹਰਮਨ ਹੈ ਜੋ ਉਸ ਨਾਲ ਤਰ੍ਹਾਂ ਦੀਆਂ ਖੁੱਲ੍ਹੀਆਂ ਗੱਲਾਂ ਕਰ ਲੈਂਦਾ ਸੀ। ਇਕ ਵਾਰ ਤਾਂ ਉਹ ਉਸ ਦੀ ਮੂੰਹ-ਬੋਲੀ ਭੈਣ ਕੁਲਜੀਤ ਬਾਰੇ ਏਥੋਂ ਤੱਕ ਵੀ ਕਹਿ ਗਿਆ

ਸੀ, "ਬੜੀ ਚੀਜ ਐ ਯਾਰ ਕਿਮੇ ਫਸਾ ਲੀ?" ਉਸ ਵਕਤ ਉਸ ਨੂੰ ਬਹੁਤ ਗੁੱਸਾ ਆਇਆ ਸੀ। ਉਸ ਨੇ ਕਿਹਾ ਵੀ ਸੀ, "ਤੇਰੀ ਸੋਚ ਬਹੁਤ ਮਾੜੀ ਐ, ਤੈਨੂੰ ਹਰ ਇਕ ਪਵਿੱਤਰ ਰਿਸ਼ਤੇ 'ਚੋਂ ਵੀ ਚੋਰੀ-ਯਾਰੀ ਦਿਖਾਈ ਦਿੰਦੀ ਹੈ।' ਕੀ ਇਹ ਉਹੀਓ ਸਿੱਧੀਆਂ ਜਿਹੀਆਂ ਗੱਲਾਂ ਕਰਨ ਵਾਲਾ ਅੱਜ ਦਾ ਬਾਬਾ ਹਰਮਨ ਸਿੰਘ ਹੈ?

ਤਿਲਕਰਾਜ ਇਕ ਪਰਚਾ 'ਤਰਕਵਾਦ' ਨਾਂ ਦਾ ਕੱਢਦਾ ਸੀ ਜੋ ਲੋਕਾਂ ਨੂੰ ਭੂਤ ਪ੍ਰੇਤਾਂ, ਵਹਿਮਾਂ ਭਰਮਾਂ ਤੋਂ ਮੁਕਤੀ ਦਿਵਾਉਂਦਾ ਸੀ। ਆਪਣੀ ਤਰਕਸ਼ੀਲ ਸੋਚ ਦੇ ਆਧਾਰ ਤੇ ਤਰਕਸ਼ੀਲਤਾ ਦਾ ਪ੍ਰਚਾਰ ਕਰਨ ਲਈ ਸੋਸਾਇਟੀ ਦਾ ਵੀ ਗਠਨ ਕੀਤਾ ਗਿਆ ਸੀ ਜੋ ਕਸਬੇ ਤੇ ਸ਼ਹਿਰ ਸ਼ਹਿਰ ਜਾ ਕੇ ਤਰਕਸ਼ੀਲਾਂ ਦਾ ਪ੍ਰਚਾਰ ਕਰਦੀ ਸੀ। ਇਸੇ ਲਈ ਉਸ ਨੂੰ ਇੰਗਲੈਂਡ, ਹਾਲੈਂਡ, ਚੀਨ, ਦੱਖਣੀ ਕੋਰੀਆ ਤੇ ਹੋਰ ਵੀ ਮੁਲਕਾਂ 'ਚ ਸੱਦਿਆ ਗਿਆ। ਕਈ ਆਖੌਤੀ ਬਾਬਿਆਂ ਤੇ ਤਾਂਤਰਿਕਾਂ ਨੂੰ ਸੋਸਾਇਟੀ ਵੱਲੋਂ ਖੁੱਲ੍ਹਾ ਚੈਲਿੰਜ ਕਰਦੇ ਤੇ ਇਨਾਮ ਦੇਣ ਦਾ ਐਲਾਨ ਵੀ ਕਰਦੇ ਪਰ ਕੋਈ ਵੀ ਅੱਜੇ ਤੱਕ ਚੈਲਿੰਗ ਨੂੰ ਕਬੂਲ ਕਰਕੇ ਇਨਾਮ ਦਾ ਹੱਕਦਾਰ ਨਹੀਂ ਬਣ ਸਕਿਆ। ਪਰ ਆਪਣੇ ਮਿੱਤਰ ਹਰਮਨ ਵੱਲੋਂ ਡੇਰਾ ਸੰਚਾਲਕ ਬਣਨ ਤੇ ਇਸ ਦਾ ਮੂਲ ਕਾਰਨ ਤਿਲਕ ਰਾਜ ਸਪੱਸ਼ਟ ਕਰਦਾ ਹੈ :

"ਰਾਜਨਤਿਕਾਂ 'ਤੇ ਪੁਲਿਸ ਵਾਲਿਆਂ ਨਾਲ ਇਹਦੀ ਪੂਰੀ ਸਾਂਝ ਐ। ਇਹ ਡੇਰਾ ਵੱਖ-ਵੱਖ ਰਾਜਸੀ ਪਾਰਟੀਆਂ ਦਾ ਅਖਾੜਾ ਵੀ ਹੈ... ਹੋਰ ਤਾਂ ਹੋਰ ਕੈਬਨਿਟ ਰੈਂਕ ਦਾ ਮੰਤਰੀ ਵੀ ਉਸ ਦਾ ਸ਼ਰਧਾਲੂ ਸੀ।"

ਸਿੱਖ ਧਰਮ ਨੂੰ ਵਿਗਾੜ ਕੇ ਪੇਸ਼ ਕਰਨ ਤੋਂ ਵਰਜਣ ਕਰਕੇ ਗੁਰਦੁਆਰਾ ਸਾਹਿਬ ਦੇ ਡਿਪਟੀ ਮੈਨੇਜਰ ਸ਼ਾਮ ਸਿੰਘ ਅਤੇ ਇਕ ਰਾਗੀ ਸਿੰਘ ਨੂੰ ਮਾਰ ਦਿੱਤਾ ਜਾਂਦਾ ਹੈ। ਕਪਟੀ ਚਾਲਾਂ ਦੀ ਸਿਖਰ ਉਦੋਂ ਆਉਂਦੀ ਹੈ ਜਦੋਂ ਇਸ ਤੋਂ ਧਿਆਨ ਹਟਾਉਣ ਲਈ ਗੁਰਦੁਆਰੇ ਤੇ ਮੰਦਰ ਦਾ ਤਨਾਓ ਖ਼ੜ੍ਹੀ ਕਰਾ ਦਿੱਤਾ ਜਾਂਦਾ ਹੈ।

ਆਪਣੇ ਰਸਤੇ ਵਿੱਚ ਆਉਣ ਵਾਲੇ ਹਰ ਬੰਦੇ ਨੂੰ ਰਸਤੇ ਵਿੱਚੋਂ ਹਟਾਉਣ ਦਾ ਹਿਤ ਪਾਲੀ ਬੈਠਾ ਹਰਮਨ ਬਾਬਾ ਆਪਣੇ ਪੁਰਾਣੇ ਮਿੱਤਰ ਤਿਲਕ ਦਾ ਵੀ ਕਤਲ ਕਰਵਾ ਦਿੰਦਾ ਹੈ।

ਇਸ ਤਰ੍ਹਾਂ ਜ਼ੁਲਮ ਜਦੋਂ ਹੱਦੋਂ ਵੱਧ ਜਾਂਦਾ ਹੈ ਤਾਂ ਉਸ ਦਾ ਅੰਤ ਹੋਣਾ ਵੀ ਲਾਜ਼ਮੀ ਹੁੰਦਾ ਹੈ। ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਨਿਜਾਤ ਦਿਵਾਉਣ ਲਈ, ਜਾਤ-ਪਾਤ ਤੇ ਧਰਮਾਂ ਦੇ ਨਾਂ ਤੇ ਹੁੰਦੀ ਲੁੱਟ ਤੇ ਪਾਖੰਡ ਆਡੰਬਰ ਖਿਲਾਫ ਨਾਟਕ ਤਿਆਰ ਕਰ ਖੇਡਿਆ ਜਾਂਦਾ ਹੈ।

ਜਿਸ ਵਿੱਚ ਸ਼ਹਿਰ ਦੇ ਮੋਹਤਬਰ ਬੰਦਿਆਂ ਤੇ ਹੋਰ ਸਮਾਜਿਕ ਤੇ ਧਾਰਮਿਕ ਸੰਸਥਾਵਾਂ



ਨੂੰ ਵੀ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਜਾਨਵਰਾਂ ਦੇ ਮਖੌਟੇ ਪਾਈ ਨਾਟਕ ਦੇ ਪਾਤਰ ਆਪਸ ਵਿੱਚ ਸੰਵਾਦ ਰਚਾਉਂਦੇ ਹਨ ਤੇ ਬੱਬਰ ਸ਼ੇਰ ਨੂੰ ਹਰ ਗੱਲ ਸੰਬੋਧਿਤ ਕਰਦੇ ਹਨ। ਜਿਸ ਵਿੱਚ ਜਾਨਵਰ ਵੀ ਮਨੁੱਖ ਨੂੰ ਆਪਸ ਵਿੱਚ ਲੜਨ ਵਾਲੇ ਤੇ ਮਾੜੇ ਕਿਰਦਾਰ ਵਾਲੇ ਦਰਸਾਉਂਦੇ ਹਨ। ਵਿਅੰਗਾਤਮਕ ਵਿਧੀ ਦੀ ਵਰਤੋਂ ਕਰਦਾ ਖਰਗੋਸ਼ ਪਾਤਰ ਕਹਿੰਦਾ ਹੈ :

"ਖਰਗੋਸ਼ः ਪਿਆਰ ਮੁਹੱਬਤ ਤੇ ਸਬਰ ਤੋਂ ਕੰਮ ਲੈਣਾ ਚਾਹੀਦੈ, ਮਨੁੱਖ ਵਾਂਗ ਅਤਿਆਚਾਰੀ ਨਹੀਂ ਬਣਨਾ ਚਾਹੀਦਾ।"

'ਜੰਗਲ ਦਾ ਰਾਜ' ਨਾਟਕ ਦੀ ਸਫਲਤਾ ਦਾ ਸਿੱਟਾ ਇਹ ਨਿਕਲਿਆ ਕਿ ਇਸ ਨੇ ਲੋਕਾਂ ਨੂੰ ਨਿੱਕੇ -ਨਿੱਕੇ ਲਾਲਚਾਂ 'ਚੋਂ ਕੱਢਣ ਤੇ ਵਿਗਿਆਨਕ ਵਿਚਾਰਾਂ ਤੋਂ ਜਾਣੂ ਕਰਾ ਰਾਜਨੀਤਿਕ ਚੇਤਨਾ ਲਿਆਉਣੀ ਸ਼ੁਰੂ ਕਰ ਦਿੱਤੀ। ਇਸ ਉਲਝਾਈ ਹੋਣੀ ਤਾਣੀ ਦੀ ਗੰਢ ਉਦੋਂ ਖੁੱਲ੍ਹਣੀ ਸ਼ੁਰੂ ਹੁੰਦੀ ਹੈ ਜਦੋਂ ਇਕ ਨੌਜਵਾਨ ਕੁੜੀ ਵੱਲੋਂ ਦੱਸਿਆ ਜਾਂਦਾ ਹੈ ਕਿ ਬਾਬੇ ਨੇ ਉਸ ਨਾਲ ਬਲਾਤਕਾਰ ਕੀਤਾ। ਪਰ ਜਲਦੀ ਹੀ ਮਾਮਲਾ ਦਬਾ ਦਿੱਤਾ ਜਾਂਦਾ ਹੈ ਤੇ ਪੱਤਰਕਾਰ ਸ਼ਿਵਾ ਸਿੰਘ ਛੱਤਰਵਾਲ ਜਿਸ ਨੇ ਇਹ ਮਾਮਲਾ ਜੱਗ ਜ਼ਾਹਿਰ ਕੀਤਾ, ਦਾ ਕਤਲ ਕਰਕੇ ਲਾਸ਼ ਨੂੰ ਸੂਏ ਵਿੱਚ ਸੁੱਟ ਦਿੱਤਾ ਜਾਂਦਾ ਹੈ। ਰਿਸ਼ਵਤ ਅਤੇ ਧਮਕੀਆਂ ਨਾਲ ਰੰਜਨਾ ਦੇ ਪਰਿਵਾਰ ਨੂੰ ਟਿਕਾ ਦਿੱਤਾ ਜਾਂਦਾ ਹੈ।

ਅੱਤ ਦੇ ਰੱਬ ਦਾ ਸਦਾ ਵੈਰ ਰਿਹਾ ਹੈ। ਜਦੋਂ ਜਦੋਂ ਜ਼ੁਲਮ ਦੀ ਇੰਤਹਾ ਹੁੰਦੀ ਹੈ ਤਾਂ ਪਰਮਾਤਮਾ ਆਪ ਸਹਾਈ ਹੁੰਦਾ ਹੈ। ਇਸੇ ਮਕਸਦ ਤਹਿਤ ਨਾਵਲ ਵਿੱਚ ਇਕ ਮੋੜ ਆਉਂਦਾ ਹੈ ਜਦ ਬਾਬੇ ਦੀ ਦੂਸਰੀ ਬੀਵੀ ਆਪਣੇ ਪਤੀ ਖਿਲਾਫ ਇਕ ਸ਼ਿਕਾਇਤਨਾਮਾ ਦੇ ਦਿੰਦੀ ਹੈ। ਕਾਨੂੰਨੀ ਲੜਾਈ ਦਾ ਆਗਾਜ਼ ਹੋ ਜਾਂਦਾ ਹੈ, ਜਿਸਦੇ ਸਹਾਇਕ ਡਾ. ਗੋਮਤੀ ਪਟਿਆਲੇ ਤੋਂ ਅਤੇ ਵਕੀਲ ਭਗਤ ਸਿੰਘ ਚੰਡੀਗੜ੍ਹ ਤੋਂ ਬਣਦੇ ਹਨ। ਬਾਬੇ ਦੀ ਪਤਨੀ ਦੀ ਗਵਾਹੀ ਤੇ ਵਕੀਲ ਭਗਤ ਸਿੰਘ ਦੀਆਂ ਵਜ਼ਨਦਾਰ ਦਲੀਲਾਂ ਜੱਜ ਸਾਹਿਬ ਨੂੰ ਪ੍ਰਭਾਵਿਤ ਕਰਦੀਆਂ ਹਨ। ਤਿਲਕਰਾਜ ਦੇ ਕਤਲ ਤੇ ਹੋਰ ਨਜਾਇਜ਼ ਕਾਰਨਾਮਿਆਂ ਕਰਕੇ ਬਾਬਾ ਹਰਨਾਮ ਸਿੰਘ ਤੇ ਉਸ ਦੇ ਚਾਰ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦੇ ਦਿੱਤੀ ਜਾਂਦੀ ਹੈ। ਕੇਂਦਰੀ ਤੇਲ ਰਾਜ ਮੰਤਰੀ ਰਾਜ ਨਾਥ ਨੂੰ ਵੀ ਵਿਰੋਧੀਆਂ ਦੇ ਜ਼ੋਰ ਪਾਉਣ 'ਤੇ ਸਰਕਾਰ ਵੱਲੋਂ ਇਸ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਜਾਂਦਾ ਹੈ। ਆਖਿਰ ਮਾਨਵਤਾ, ਸਚਾਈ, ਤਰਕ ਅਤੇ ਪਵਿੱਤਰ ਸੋਚ ਦੀ ਜਿੱਤ ਹੁੰਦੀ ਹੈ ਤੇ ਨਵੀਂ ਸਾਥੀ ਦੀ ਤਰਕੀਸ਼ਲ ਲਹਿਰ ਨਾਲ ਜੁੜ ਜਾਂਦੇ ਹਨ।

ਉਪਰੋਕਤ ਤਰਕਵਾਦੀ ਸੋਚ ਮਨੁੱਖ ਦੀ ਬੁੱਧੀ ਨੂੰ ਹਮੇਸ਼ਾਂ ਹਲੂਣਾ ਦਿੰਦੀ ਰਹਿੰਦੀ ਹੈ ਤੇ ਤਰਕਵਾਦੀ ਨਾਵਲ ਇਸ ਤੇ ਪਹਿਰਾ ਦਿੰਦੇ ਰਹਿੰਦੇ ਹਨ। ਨਾਵਲਕਾਰ ਦਾ ਉਦੇਸ਼

ਸਮਾਜ ਨੂੰ ਸੇਧ ਦੇਣਾ ਹੈ ਜਿਸ ਵਿੱਚ ਖੋਖਲੀਆਂ ਅਥਵਾ ਹੋਛੀਆਂ ਗੱਲਾਂ ਦੀ ਕੋਈ ਥਾਂ ਨਹੀਂ ਕਿਉਂ ਕਿ ਯੁੱਗ ਚੇਤਨਾ ਵੀ ਉਸ ਤੋਂ ਜੀਵਨ ਵਿੱਚ ਉੱਚੇ-ਉੱਚੇ ਆਦਰਸ਼ਾਂ ਦੀ ਪ੍ਰੇਰਨਾ ਲੈ ਸਕੇ। ਅਜਿਹੇ ਵਸਤੂ ਦੀ ਪੇਸ਼ਕਾਰੀ ਲਈ ਰੂਪ ਮਹੱਤਵ ਰੱਖਦਾ ਹੈ, ਬਿਨਾਂ ਵਸਤੂ ਨਹੀਂ ਹੋ ਸਕਦਾ। ਜਿੱਥੇ ਇਸ ਨਾਵਲ ਦਾ ਵਸਤੂ ਸਦੀਵੀ ਹੈ ਉਥੇ ਇਸ ਦਾ ਰੂਪ ਵੀ ਬਹੁਤ ਮਹੱਤਵਪੂਰਨ ਹੈ ਜੋ ਨਾਵਲ ਵਿੱਚ ਨਾਟਕ ਦੇ ਦਰਸ਼ਨ ਵੀ ਕਰਵਾਉਂਦਾ ਹੈ। ਆਪਸੀ ਵਾਰਤਾਲਾਪ ਤੇ ਜਾਨਵਰਾਂ ਦੇ ਮਖੌਟਿਆਂ ਰਾਹੀਂ ਨਾਟਕ ਦਾ ਮੰਚਣ ਬਹੁਤ ਪ੍ਰਭਾਵਸ਼ਾਲੀ ਲੱਗਦਾ ਹੈ। ਪਰ ਕਈ ਕਾਂਡ ਅਜਿਹੇ ਲੱਗਦੇ ਹਨ ਜੋ ਇੰਝ ਲੱਗਦਾ ਹੈ ਕਿ ਨਾਵਲਕਾਰ ਨੇ ਨਾਵਲ ਵਿੱਚ ਦਿਲਚਸਪੀ ਪੈਦਾ ਕਰਨ ਲਈ ਉਚੇਚਾ ਯਤਨ ਕੀਤਾ ਹੈ।

ਰੁਪਿੰਦਰ ਨੂੰ ਵਾਰ-ਵਾਰ ਸੁਣਦੀਆਂ ਆਵਾਜ਼ਾਂ ਦੀ ਸੋਚ ਨੂੰ ਪਾਠਕ 'ਤੇ ਛੱਡ ਦਿੱਤਾ ਗਿਆ ਹੈ।

ਹਰਮਨ ਬਾਬੇ ਦਾ ਮਾੜਾ ਹਸ਼ਰ ਵਿਖਾ ਮੂੰਹ ਤੋੜ ਜਵਾਬ ਦਿੰਦਾ ਹੈ, ਇਹ ਨਾਵਲ 'ਸੁਪਨਿਆਂ ਦਾ ਮੰਚਣ'।

ਵਸਤੂ ਪੱਖੋਂ ਪਰਿਪੱਕ ਤੇ ਕਲਾ ਪੱਖੋਂ ਨਾਵਲ-ਨਾਟਕ ਮਿਸ਼ਰਣ ਪਾਠਕ ਨੂੰ ਪ੍ਰਭਾਵਿਤ ਕਰਨ ਦੀ ਸਦਾ ਹੀ ਸ਼ਕਤੀ ਰੱਖਦਾ ਰਹੇਗਾ।


**ਅਸਿਸਟੈਂਟ ਪ੍ਰੋਫੈਸਰ**
**ਪੰਜਾਬੀ ਵਿਭਾਗ**
**ਐਸ.ਡੀ.ਕਾਲਜ ਫਾਰ ਵੁਮੈਨ**
**ਮੋਗਾ (ਪੰਜਾਬ)**


◆◆◆


**ਸਤਵਿੰਦਰ ਬੇਗੋਵਾਲੀਆ ਦੀਆਂ ਪ੍ਰਕਾਸ਼ਿਤ ਨਾਟਕ ਪੁਸਤਕਾਂ**

1. ਕਲਯੁਗ ਦੀ ਮੈਲ
2. ਜਬੈ ਬਾਣ ਲਾਗਿਯੋ (ਆਈ.ਸੀ. ਨੰਦਾ ਪੁਰਸਕਾਰ ਜੇਤੂ)
3. ਡਾਲਰ ਮੇਰਾ ਪੁੱਤਰ (ਪੂਰਾ ਨਾਟਕ)
4. ਜੇਠੂ ਦਾ ਕੋਠਾ
5. ਗ੍ਰਹਿਸਥ ਦਾ ਗੱਡਾ




# ਜਸਵੰਤ ਹਾਂਸ ਰਚਿਤ ਗ਼ਜ਼ਲ ਸੰਗ੍ਰਹਿ 'ਹਾਜ਼ਰ ਹਾਂ ਮੈਂ ' ਦੀ ਵਿਲੱਖਣਤਾ

ਪੰਜਾਬੀ ਲੋਕ ਜੀਵਨ ਸ਼ੈਲੀ 'ਚ ਇਕ ਅਟੱਲ ਸਚਾਈ ਹੈ ਕਿ ' ਦੇਰ ਆਏ ਦਰੁੱਸਤ ਆਏ । ' ਇਹ ਕਥਨ 1971- 72 ਤੋਂ ਕਾਵਿ-ਸਿਰਜਣ ਖੇਤਰ 'ਚ ਸ਼ਾਮਲ ਹੋ ਚੁੱਕੇ ਕਵੀ ਜਸਵੰਤ ਹਾਂਸ ਦੀ ਕਾਵਿਕ ਪ੍ਰਤਿਭਾ 'ਤੇ ਢੁੱਕਵਾਂ ਪ੍ਰਤੀਤ ਹੁੰਦਾ ਹੈ। ਪਹਿਲੀ ਕਾਵਿ ਪੁਸਤਕ ' ਜਜ਼ਬਿਆਂ ਦੀ ਭਾਲ ਵਿਚ ' ਪ੍ਰਕਾਸ਼ਿਤ ਹੋਣ ਤੋਂ ਡੇਢ ਦਹਾਕਾ ਪਹਿਲਾਂ ਹੀ ਉਸਨੂੰ ਕਾਵਿ-ਰਚਨਾ ਦੇ ਮੁਕਾਬਲੇ ਵਿਚ ਪੰਜਾਬ ਪੱਧਰ ਦਾ ਇਨਾਮ-ਸਨਮਾਨ ਮਿਲ ਗਿਆ ਹੋਇਆ ਸੀ। ਪਹਿਲੀ ਕਾਵਿ-ਪੁਸਤਕ ਭਾਵੇਂ ਗੀਤ-ਪ੍ਰਗੀਤ ਅਤੇ ਨਜ਼ਮ ਦੇ ਮੁਹਾਂਦਰੇ ਦੀ ਹੀ ਸੀ, ਜਿਸ ਵਿਚਲੀ ਵਿਚਾਰ-ਆਧਾਰ ਭੂਮੀ ਵੀ ਪੇਂਡੂ ਜਨ ਸਾਧਾਰਨ ਜੀਵਨ-ਸ਼ੈਲੀ 'ਚ ਜੀਵਨ ਬਿਤਾ ਰਹੇ ਲੋਕਾਂ ਦੇ ਉਦਗਾਰਾਂ, ਭਾਵਾਂ ਅਤੇ ਅਭਿਲਾਸ਼ਾਵਾਂ ਤਕ ਦਾ ਪ੍ਰਗਟਾਵਾ ਸੀ, ਪਰੰਤੂ ਹਥਲਾ ਗ਼ਜ਼ਲ-ਸੰਗ੍ਰਹਿ ਪ੍ਰਬੰਧ ਅਨੁਭਵਾਂ ਦਾ ਪ੍ਰਗਟਾਵਾ ਹੈ। ਵਿਲੱਖਣ ਗੱਲ ਇਹ ਵੀ ਹੈ ਕਿ ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਤੋਂ ਕਈ ਸਾਲ ਪਹਿਲਾਂ ਵੀ ਇਸ ਸ਼ਾਇਰ ਨੂੰ ਗ਼ਜ਼ਲ ਦੇ ਉਸਤਾਦ ਸ਼ਾਇਰਾਂ 'ਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ। ਪੰਜਾਬੀ ਦੀ ਪਰੰਪਰਾਇਕ ਗ਼ਜ਼ਲ ਜਿਸ ਵਿਚ ਆਸ਼ਕਾਨਾ, ਰਿੰਦਾਨਾ ਅਤੇ ਸੂਫ਼ੀਆਨਾ ਰੰਗਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਰਹੀ ਹੈ, ਉਸਨੂੰ ਰਚਨਾਤਮਕ ਵਿਵੇਕ ਦੀ ਪ੍ਰਿਸ਼ਟ-ਭੂਮੀ 'ਚ ਰੱਖਦਿਆਂ ਹੋਇਆਂ, ਪੰਜਾਬੀ ਗ਼ਜ਼ਲ ਨੂੰ ਪੰਜਾਬੀ ਜੀਵਨ ਦੇ ਸਮਾਜਕ, ਆਰਥਕ, ਨੈਤਿਕ, ਧਾਰਮਿਕ, ਰਾਜਸੀ ਅਤੇ ਖ਼ਪਤਕਾਰੀ ਰੁੱਚੀਆਂ ਦੇ ਅਧੀਨ ਹੋ ਚੁੱਕੇ ਸਮੂਹਿਕ-ਮਨੁੱਖ ਦੀਆਂ ਵਿਭਿੰਨ ਆਂਤਰਿਕ ਅਤੇ ਬਾਹਰੀ ਕਿਰਦਾਰ ਦੀਆਂ ਪਰਤਾਂ ਨੂੰ ਵੀ ਖ਼ੂਬ ਫ਼ਰੋਲਿਆ ਹੈ। ਇਸੇ ਰਹਿਤਲ 'ਚੋਂ ਉਪਜੇ ਕਾਵਿ- ਬੋਲ ਹਨ—

ਦਵਾ ਹੈ ਨਮਕ ਵੀ ਹੈ ਤੇ ਭਭੂਤੀ
ਕੀ ਲਾਓਗੇ ਤੁਸੀਂ ਮੇਰੇ ਜਖ਼ਮ ਤੇ।

... .... ...... .... ..

ਉਹ ਤੋਤੇ ਨੇ ਖਿਡੌਣੇ ਨੇ ਕਿ ਬੰਦੇ
ਵਜਾਉਂਦੇ ਤਾੜੀਆਂ ਜ਼ੁਲਮੋ-ਸਿਤਮ ਤੇ।

ਜਸਵੰਤ ਹਾਂਸ ਦੀ ਸ਼ਾਇਰੀ ਨਿਰੋਲ ਹੁਸਨ, ਇਸ਼ਕ ਅਤੇ ਸੁੰਦਰਤਾ ਦੇ ਵਿਖਾਵੇ ਦੀ ਸ਼ਾਇਰੀ ਨਹੀਂ ਹੈ, ਇਹ ਆਂਤਰਿਕ ਸੁਹਜ-ਸੌਂਦਰਯ ਦਾ ਪ੍ਰਗਟਾਵਾ ਹੈ, ਕਿਉਂ ਜੋ ਸੂਰਤ ਨਾਲੋਂ ਇਸ ਸ਼ਾਇਰੀ ਵਿਚ ਸੀਰਤ ਦੀ ਪੁਖ਼ਤਗੀ ਦਾ ਅਰਥ- ਸੰਚਾਰ ਵਧੇਰੇ ਹੈ।

ਅਜੋਕੀ ਮਨੁੱਖਤਾ ਸਮਾਜਕ, ਆਰਥਕ, ਨੈਤਿਕ, ਧਾਰਮਿਕ ਅਤੇ ਰਾਜਸੀ ਵਰਤਾਰੇ ਵਾਲੇ ਸਮੂਹਿਕ ਵਿਵਹਾਰ ਤੋਂ ਤਾਂ ਅਚੰਭੇ ਵਿਚ ਪਈ ਹੋਈ ਹੀ ਹੈ, ਨਾਲ ਦੀ ਨਾਲ

ਆਪਣੇ ਆਲੇ-ਦੁਆਲੇ ਦੇ ਪ੍ਰਕਿਰਤਕ ਜੀਵਲ ਚੱਜ ਨੂੰ ਵੀ ਆਪੇ ਹੀ ਮੁਸ਼ਕਿਲਾਂ 'ਚ ਪਾ ਰਹੀ ਹੈ। ਗ਼ਰੀਬੀ, ਅਨਪੜ੍ਹਤਾ, ਆਰਥਕ ਅਤੇ ਸਮਾਜਕ ਨਾ ਬਰਾਬਰੀ, ਰਾਜਸੀ ਪਾਰਟੀਆਂ ਦੇ ਨੇਤਾਵਾਂ ਦੇ ਆਪੋ-ਆਪਣੇ ਛੜਯੰਤਰ ਲੋਕਤਾ ਨੂੰ ਗੁੰਮਰਾਹਕੁਨ ਹਾਲਾਤ 'ਚ ਲਿਆ ਕੇ ਮਰਨ ਕਿਨਾਰੇ ਪਹੁੰਚਾ ਰਹੇ ਹਨ।

ਇਨ੍ਹਾਂ ਸਭਨਾਂ ਵਿਸ਼ਿਆਂ ਨੂੰ ਵੀ ਇਸ ਸ਼ਾਇਰ ਨੇ ਬਾ-ਖ਼ੂਬੀ ਕਾਵਿਕ ਭਾਸ਼ਾ 'ਚ ਅਭਿਧਾ ਅਤੇ ਲਕਸ਼ਣਾ ਸ਼ਬਦ ਸ਼ਕਤੀਆਂ ਜ਼ਰੀਏ ਪ੍ਰਗਟਾਇਆ ਹੈ। ਹਾਂਸ ਦੀ ਕਾਵਿ-ਵਿਲੱਖਣਤਾ ਦਾ ਪਹਿਲੂ ਦਰਸਾਂਦੇ ਇਹ ਸ਼ਿਅਰ ਨਵੀਨ ਅਰਥ ਸੰਚਾਰ ਕਰਦੇ ਵੇਖੇ ਜਾ ਸਕਦੇ ਹਨ ਕਿ —

ਚਰਚੇ ਦਰਿਆ ਦਿਲੀ ਦੇ ਕੀ ਕਰੀਏ,
ਏਥੇ ਮਿਲਦਾ ਨਾ ਚੂਲ਼ੀ ਭਰ ਪਾਣੀ।
ਮੱਛੀਆਂ ਤੜਪ ਕੇ ਮਰ ਜਾਣਗੀਆਂ,
ਪੀ ਗਏ ਸਾਰਾ ਜਾਨਵਰ ਪਾਣੀ।
ਸੋਚ ਕੇ ਲੋਕ ਨੇ ਹੈਰਾਨ ਬੜੇ,
ਕਿਸਨੇ ਕੀਤਾ ਇਧਰ ਉਧਰ ਪਾਣੀ।

ਮਾਨਵਜਾਤੀ ਦੇ ਦੁੱਖ, ਦਰਦ, ਸੰਘਰਸ਼, ਹਾਰ-ਜਿੱਤ, ਮੁਸ਼ਕਿਲ, ਲਾਚਾਰੀ, ਬੇਬਸੀ, ਗ਼ਮ, ਹੌਕੇ, ਨਿਢਾਲਤਾ ਆਦਿ ਨੂੰ ਹਿਰਦੇ ਵਿਚ ਰਿੜਕ ਕੇ ਇਹ ਕਵੀ ਮਾਨਵਤਾ ਨੂੰ ਸੁੱਖ, ਖੁਸ਼ੀ-ਖੇੜੇ ਅਤੇ ਚੜ੍ਹਦੀ ਕਲਾ 'ਚ ਪ੍ਰਵੇਸ਼ ਕਰ ਜਾਣ ਵਾਲੇ ਮਾਰਗ ਦਾ ਪੱਥ ਪ੍ਰਦਰਸ਼ਕ ਬਣਦਾ ਪ੍ਰਤੀਤ ਹੁੰਦਾ ਹੈ। ਇਸੇ ਪ੍ਰੌੜ ਸੋਚ-ਦ੍ਰਿਸ਼ਟੀ ਸਦਕਾ ਹਾਂਸ ਦੀ ਸ਼ਾਇਰੀ ਰਾਜਸੀ ਸੱਤਾਧਾਰੀਆਂ, ਧਾਰਮਿਕ ਦੰਭੀ ਆਗੂਆਂ, ਦੰਭੀ ਸਮਾਜ-ਸੇਵੀਆਂ ਦੇ ਕਿਰਦਾਰ ਨੂੰ ਵਿਅੰਗ ਦੀ ਦ੍ਰਿਸ਼ਟੀ ਤੋਂ ਨੰਗਿਆਂ ਕਰਕੇ ਭੰਡਦੀ ਹੈ ਅਤੇ ਉਸਾਰੂ ਕਦਰ-ਪ੍ਰਣਾਲੀ ਦੀ ਹਮਾਇਤ ਵਾਸਤੇ ਲੋਕ-ਪ੍ਰੇਰਨਾ ਦਾ ਵਾਹਨ ਬਣਦੀ ਹੈ। ਜੀਵਨ- ਯਥਾਰਥ ਦਾ ਚਿਤਰਣ ਅਤੇ ਤਲਖ਼ ਹਕੀਕਤਾਂ ਤੋਂ ਪਨਪੇ ਵਿਅੰਗ ਇਕੋ ਥਾਵੇਂ ਵਿਅੱਕਤ ਕੀਤੇ ਗਏ ਹੁੰਦੇ ਹਨ। ਗ਼ਜ਼ਲ ਦੀ ਬੁਨਿਆਦੀ ਸਿਫ਼ਤ ਕਿ ਇਹ ਸੰਖੇਪ ਹੋਵੇ, ਲੈ-ਬੱਧ ਹੋਵੇ ਅਤੇ ਨਿੱਜ ਨੂੰ ਪਰ ਦੇ ਅਰਥ ਸੰਚਾਰ 'ਚ ਵਿਅੱਕਤ ਕਰੇ, ਇਹ ਸਾਰੇ ਗੁਣ ਇਥੇ ਸਮਿਲਤ ਹੁੰਦੇ ਹਨ। ਸ਼ਿਅਰ ਵੇਖੋ—

ਮੁੜ ਆਪਣੇ ਘਰਾਂ ਨੂੰ ਆਉਣਾ ਵਿਸਰ ਗਏ।
ਰੁੱਖ ਸੋਚਦੇ ਪਏ ਨੇ ਪੰਛੀ ਕਿੱਧਰ ਗਏ।
ਗਗਨ 'ਤੇ ਉੱਡ ਰਹੇ ਸੀ ਹੇਠਾਂ ਉਤਰ ਗਏ।

ਜਸਵੰਤ ਹਾਂਸ ਦੀ ਸ਼ਾਇਰੀ ਦੋਸਤੀ ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਸਥਾਪਿਤ ਕਰਕੇ ਕਲਿਆਣਕਾਰੀ ਸਮਾਜ ਦੀ , ਦੇਸ਼ ਦੀ ਅਤੇ ਮਨੁੱਖਤਾ ਦੀ ਸਾਂਝੀਵਾਲਤਾ ਦਾ



ਪੈਗ਼ਾਮ ਬਣਦੀ ਪ੍ਰਤੀਤ ਹੁੰਦੀ ਹੈ। ਉਹ ਅੰਦਰੋਂ-ਬਾਹਰੋਂ ਸੁਹਿਰਦਤਾ, ਲਗਨ ਅਤੇ ਸਾਫ਼ ਨਿਰਛਲ ਭਾਵਨਾਵਾਂ ਦਾ ਕਵੀ ਹੈ। ਉਸਦਾ ਇਹ ਸੱਚ ਏਦਾਂ ਪ੍ਰਗਟ ਹੁੰਦਾ ਹੈ ਕਿ—

( ੳ ) ਮੈਂ ਦਿਲ ਦਾ ਖ਼ੂਨ ਦੇ ਕੇ ਰਿਸ਼ਤਿਆਂ ਦੀ ਲਾਬ ਲਾਉਂਦਾ ਹਾਂ,
ਮਗਰ ਉਹ ਕਹਿਣ ਤੂੰ ਕਿਸੇ ਕਾਬਲ ਹੋ ਨਹੀਂ ਸਕਦਾ ।
( ਅ ) ਹੈਰਾਨ ਹਵਾਵਾਂ ਨੇ ਹੈਰਾਨ ਬੜਾ ਮਾਲੀ,
ਕਿੰਝ ਟਹਿਣੀਆਂ ਤੋਂ ਪੱਤੇ ਟੁੱਟ ਕੇ ਖਿਲਰ ਗਏ।

ਜਸਵੰਤ ਹਾਂਸ ਦੀ ਭਾਸ਼ਕ ਜੁਗਤ ਮਾਝੀ ਉਪ-ਭਾਸ਼ਾਈ ਉਚਾਰ ਦਾ ਰੰਗ ਵੀ ਪੇਸ਼ ਕਰਦੀ ਹੈ। ਇਸੇ ਪ੍ਰਸੰਗਿਕਤਾ 'ਚ ਉਸਨੇ ਬਹੁਤ ਸਾਰੇ ਕਾਫੀਆ-ਰਦੀਫ਼ਾਂ ਨੂੰ ਗ਼ਜ਼ਲੀਅਤ ਦੇ ਪੁਖ਼ਤਾ ਮਾਨ-ਦੰਡਾਂ ਜ਼ਰੀਏ ਪ੍ਰਗਟਾਇਆ ਵੀ ਹੈ, ਇਹ ਐਬ ਨਹੀਂ ਗੁਣ ਹੈ। ਇਸੇ ਕਰਕੇ ਠੇਠ ਮੁਹਾਵਰੇ ਯੁਕਤ ਭਾਸ਼ਕ ਗੁਣ ਉਸਦੀ ਗ਼ਜ਼ਲ ਦਾ ਹਾਸਿਲ ਬਣਦੇ ਪ੍ਰਤੀਤ ਹੁੰਦੇ ਹਨ। ਸੱਚ=ਮੁੱਚ ਇਹ ਸ਼ਾਇਰੀ ਮਾਨਵੀ ਚੇਤਨਾ ਨੂੰ ਜਗਾਉਣ ਵਾਲੀ , ਬਦਲਦੇ ਦੰਭੀ ਅਤੇ ਖਪਤਕਾਰੀ ਸਮੇਂ 'ਚ ਛਲੀਆ ਰੂਪ ਧਾਰਨ ਕਰ ਬੈਠੀ ਸੋਚ-ਦ੍ਰਿਸ਼ਟੀ, ਅਖੌਤੀ ਸ਼ੁਹਰਤਾਂ, ਧੰਨ ਦੌਲਤਾਂ 'ਚ ਅੰਨ੍ਹੇ ਵਾਹ ਗੁਥ-ਮ-ਗੁੱਥਾ ਹੋ ਰਹੀ ਲੋਕਾਈ ਆਦਿ ਨੂੰ ਆਪੇ ਸਿਰਜੀ ਦਲ-ਦਲ 'ਚੋਂ ਬਾਹਰ ਕੱਢਣ ਵਾਲਾ ਮਾਰਗ ਦਰਸਾਂਦੀ ਹੈ। ਨਿਸਚੈ ਹੀ , ' ਹਾਜ਼ਰ ਹਾਂ ਮੈਂ ' ਸਮੁੱਚੀ ਪੰਜਾਬੀ ਗ਼ਜ਼ਲ ਰਚਨਾ ਦਾ ਨਿਵੇਕਲਾ ਹਾਸਿਲ ਹੈ।

**— ਡਾ. ਜਗੀਰ ਸਿੰਘ ਨੂਰ**
**9814209732,**
**ਏ-9, ਚਾਹਲ ਨਗਰ,**
**ਫਗਵਾੜਾ-144401**

◆◆◆

## ਸ਼ੋਕ ਸਮਾਚਾਰ

ਸ. ਜੰਗ ਬਹਾਦਰ ਸਿੰਘ ਘੁੰਮਣ ਸੰਪਾਦਕ 'ਸੁਬਾਸਕ' ਤ੍ਰੈਮਾਸਿਕ ਦੀ ਬੇਵਕਤੀ ਮੌਤ 'ਤੇ ਅਦਾਰਾ 'ਰੂਹ ਪੰਜਾਬੀ' ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੋਇਆ ਇਹ ਕਾਮਨਾ ਕਰਦਾ ਹੈ ਕਿ ਪ੍ਰਮਾਤਮਾ ਉਨ੍ਹਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

◆◆◆

# ਪਾਠਕ ਦਰਪਣ

**'ਰੂਹ ਪੰਜਾਬੀ' ਵਿੱਚ ਸਤਵਿੰਦਰ ਬੇਗੋਵਾਲੀਆ ਦੀ ਰੂਹ ਹੈ। ਪਰਚਾ ਉੱਭਰ ਰਿਹਾ ਹੈ.**

ਸੰਧੂ ਵਰਿਆਣਵੀ, ਸੁਲੱਖਣ ਸਰਹੱਦੀ, ਬਲਵਿੰਦਰ ਬਾਲਮ, ਗੁਰਦਿਆਲ ਪੱਲ੍ਹਾ, ਜਸਵੰਤ ਸਿੰਘ ਕੈਲਵੀ ਦੀਆਂ ਰਚਨਾਵਾਂ ਟੁੰਬਦੀਆਂ ਹਨ।

ਸਤਵਿੰਦਰ ਬੇਗੋਵਾਲੀਆ ਦੀ ਨਾਟ-ਪੁਸਤਕ 'ਗ੍ਰਹਿਸਤ ਦਾ ਗੱਡਾ' ਚੰਗੇ ਨਾਟਕਾਂ ਦੀ ਪੁਸਤਕ ਹੈ। ਇਸ ਅੰਕ ਵਿੱਚ ਉਸ ਦਾ ਨਾਟਕ 'ਦਿੱਲੀ ਤੋਂ ਬਾਬਾ ਬਕਾਲਾ' ਬਹੁਤ ਪਸੰਦ ਆਇਆ। ਪਿਛਲੇ ਅੰਕ ਵਿੱਚ ਕੰਵਲਬੀਰ ਪੰਨੂੰ ਦਾ ਲੇਖ ਵਧੀਆ ਸੀ।

**ਹਮਦਰਦ ਵੀਰ ਨੌਸ਼ਹਿਰਵੀ**

**ਕਵਿਤਾ ਭਵਨ, ਸਮਰਾਲਾ 94638-08697**

◆◆◆

**ਸੰਪਾਦਕ ਸਾਹਿਬ,**

ਅਪ੍ਰੈਲ-ਜੂਨ 2016 ਦੀ ਸ਼ੁਰੂਆਤ ਕਾਵਿ ਰਚਨਾਵਾਂ ਨਾਲ ਹੋਈ। ਕਾਵਿ ਫੁਲਵਾੜੀ ਵਿੱਚ ਹਰੇਕ ਫੁੱਲ ਦੀ ਮਹਿਕ ਬਾਕਮਾਲ ਸੀ। ਉੱਘੇ ਨਾਟਕਕਾਰ ਸਤਵਿੰਦਰ ਬੇਗੋਵਾਲੀਆ ਦਾ ਨਾਟਕ 'ਦਿੱਲੀ ਤੋਂ ਬਾਬਾ ਬਕਾਲਾ' ਜਿਥੇ 1663-64 ਦੇ ਇਤਿਹਾਸਕ ਸਮੇਂ ਨੂੰ ਨਾਟਕੀ ਰੂਪ ਵਿੱਚ ਪੇਸ਼ ਕਰਨ ਵਿੱਚ ਸਫ਼ਲ ਰਿਹਾ, ਉਥੇ ਉਸ ਸਮੇਂ ਦੇ ਵਪਾਰੀ ਵਰਗ ਦੀ ਸੁਹਿਰਦਤਾ, ਇਮਾਨਦਾਰੀ ਅਤੇ ਚੰਗੇ ਬੁਰੇ ਦੀ ਪਹਿਚਾਣ ਕਰਨ ਵਾਲੇ ਵਿਅਕਤੀਤਵ ਦੀ ਵਾਕਫੀਅਤ ਕਰਵਾ ਗਿਆ। ਡਾ. ਜਗੀਰ ਸਿੰਘ ਨੂਰ ਦੁਆਰਾ ਅਨੁਵਾਦਤ ਅਤੇ ਡਾ. ਮਲਿਕ ਰਾਜ ਕੁਮਾਰ ਦੀ ਕਲਮ ਤੋਂ ਕਹਾਣੀ 'ਪ੍ਰਵਾਨਿਤ ਪ੍ਰਸ਼ਨ' ਅਤੇ ਮਨਪ੍ਰੀਤ ਕੌਰ ਭਾਟੀਆ ਦੀ ਕਹਾਣੀ 'ਮਨਹੂਸ' ਔਰਤ ਦੀ ਤ੍ਰਾਸਦੀ ਨੂੰ ਭਾਵਪੂਰਤ ਢੰਗ ਨਾਲ ਪੇਸ਼ ਕਰ ਗਈਆਂ। ਦਰਸ਼ਨ ਸਿੰਘ ਰਿਆੜ ਦਾ ਨਿਬੰਧ 'ਨਹਿਰੂ ਤੋਂ ਮੋਦੀ ਤੱਕ' ਵਡਮੁੱਲੀ ਜਾਣਕਾਰੀ ਨਾਲ ਭਰਪੂਰ ਸੀ। 'ਰੂਹ ਪੰਜਾਬੀ' ਬੁਲੰਦੀਆਂ ਨੂੰ ਛੂਹ ਰਿਹਾ ਹੈ।

– ਸੰਦੀਪ ਕੁਮਾਰ ਦਰਦੀ (ਹੁਸ਼ਿਆਰਪੁਰ)

◆◆◆



ਪਿਆਰੇ ਬੇਗੋਵਾਲੀਆ ਜੀ, ਤੁਸੀਂ ਆਪਣੇ ਨਾਟਕ 'ਦਿੱਲੀ ਤੋਂ ਬਾਬਾ ਬਕਾਲਾ' ਰਾਹੀਂ ਅੱਠਵੇਂ ਸਿੱਖ ਗੁਰੂ ਦੇ ਅੰਤਲੇ ਸਮੇਂ ਅਤੇ ਗੁਰੂ ਤੇਗ ਬਹਾਦਰ ਜੀ ਦੇ ਬਤੌਰ ਗੁਰੂ ਪ੍ਰਗਟ ਹੋਣ ਤੱਕ ਦਾ ਇਤਿਹਾਸ ਬਾਖੂਬੀ ਪੇਸ਼ ਕੀਤਾ ਹੈ। ਬਾਕੀ ਸਭ ਰਚਨਾਵਾਂ ਮਿਆਰੀ ਅਤੇ ਪ੍ਰਭਾਵਸ਼ਾਲੀ ਹਨ।

**-ਡਾ. ਹਰਚੰਦ ਸਿੰਘ ਸਰਹਿੰਦੀ**

◆◆◆

**ਸਤਵਿੰਦਰ ਬੇਗੋਵਾਲੀਆ ਜੀ,**

'ਰੂਹ ਪੰਜਾਬੀ' ਦੇ ਹਰੇਕ ਅੰਕ ਦੇ ਸ਼ਿਦਤ ਨਾਲ ਇੰਤਜ਼ਾਰ ਰਹਿੰਦਾ ਹੈ। ਇੱਕ ਦੋ ਕਾਵਿ ਲਿਖਤਾਂ ਨੂੰ ਛੱਡ ਕੇ ਬਾਕੀ ਸਭ ਸਲਾਹੁਣਯੋਗ ਹਨ। ਤੁਹਾਡਾ ਨਾਟਕ 'ਦਿੱਲੀ ਤੋਂ ਬਾਬਾ ਬਕਾਲਾ' ਕਮਾਲ ਦੀ ਪੇਸ਼ਕਾਰੀ ਹੈ। ਜੋ ਰੰਗ ਮੰਚੀ ਲੋੜਾਂ ਮੁਤਾਬਿਕ ਲਿਖਿਆ ਗਿਆ। ਕਹਾਣੀ 'ਮਨਹੂਸ' ਅਤੇ ਨਿਬੰਧ 'ਨਹਿਰੂ ਤੋਂ ਮੋਦੀ ਤੱਕ' ਸਲਾਹੁਣਯੋਗ ਹਨ।

**ਲਸ਼ਕਰ ਸਿੰਘ ਇੰਜੀਨੀਅਰ**

**ਵਾਰਡ ਨੰ. 7 ਬੇਗੋਵਾਲ (ਕਪੂਰਥਲਾ)**

◆◆◆

**ਸਤਿਕਾਰਯੋਗ ਸੰਪਾਦਕ ਜੀ**

ਸਤਿ ਸ੍ਰੀ ਅਕਾਲ

ਰੂਹ ਪੰਜਾਬੀ ਦਾ 12ਵਾਂ ਅੰਕ ਪ੍ਰਾਪਤ ਹੋਇਆ। ਇਹ ਖ਼ੁਸ਼ੀ ਵਾਲੀ ਗੱਲ ਹੈ ਕਿ ਹਰ ਅੰਕ ਪਹਿਲਾਂ ਨਾਲੋਂ ਵੱਧ ਮਿਆਰੀ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ। ਮੇਰੇ ਖ਼ਿਆਲ ਵਿੱਚ ਰੂਹ ਪੰਜਾਬੀ ਹੀ ਇੱਕੋ-ਇੱਕ ਤ੍ਰੈਮਾਸਿਕ ਪੱਤ੍ਰਿਕਾ ਹੈ ਜਿਸ ਵਿੱਚ ਸਾਹਿਤ ਦੀ ਹਰ ਵੰਨਗੀ ਕਵਿਤਾ, ਕਹਾਣੀ, ਮਿੰਨੀ ਕਹਾਣੀ, ਨਿਬੰਧ, ਨਾਟਕ ਅਤੇ ਸਾਹਿਤ ਸਮੀਖਿਆ ਨੂੰ ਭਰਵੀਂ ਥਾਂ ਦਿੱਤੀ ਜਾਂਦੀ ਹੈ। ਇਸ ਕਰਕੇ ਤੁਸੀਂ ਵਧਾਈ ਦੇ ਪਾਤਰ ਹੋ।

**ਸਤਨਾਮ ਸਿੰਘ ਧਾਲੀਵਾਲ**

**ਪਿੰਡ ਤੇ ਡਾਕ. ਧਾਲੀਵਾਲ**

**ਜ਼ਿਲ੍ਹਾ ਕਪੂਰਥਲਾ**

◆◆◆